
FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE
THE LINK GROUP
WEEKLY NEWSPAPER
VOL.: 12 ISSUE : 02 SATURDAY, 13, JANUARY, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਸੁਖਬੀਰ ਸਿੰਘ ਬਾਦਲ ਵੱਲੋਂ ਭਗਵੰਤ ਮਾਨ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ

## ਕਰੋੜ ਰੁਪਏ ਦੇ ਹਰਜਾਨੇ ਦੀ ਮੰਗ; ਅਦਾਲਤ ਵੱਲੋਂ ਮੁੱਖ ਮੰਤਰੀ ਨੂੰ 19 ਫਰਵਰੀ ਲਈ ਸੰਮਨ ਜਾਰੀ

ਸ੍ਰੀ ਮੁਕਤਸਰ ਸਾਹਿਬ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਇੱਥੋਂ ਦੀ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕਰਕੇ ਇਕ ਕਰੋੜ ਰੁਪਏ ਹਰਜਾਨੇ ਦੀ ਮੰਗ ਕੀਤੀ ਗਈ ਹੈ। ਅਦਾਲਤ ਨੂੰ ਦਿੱਤੀ ਅਰਜ਼ੀ ਵਿੱਚ ਉਨ੍ਹਾਂ ਭਗਵੰਤ ਮਾਨ 'ਤੇ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲ ਦਲ ਦੀ ਇੱਜ਼ਤ 'ਤੇ ਧੱਬਾ ਲਾਉਣ ਦਾ ਦੋਸ਼ ਲਾਇਆ ਹੈ। ਅਦਾਲਤ ਨੇ ਮੁੱਖ ਮੰਤਰੀ ਨੂੰ 19 ਫਰਵਰੀ ਲਈ ਸੰਮਨ ਜਾਰੀ ਕਰ ਦਿੱਤੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਤਾਂ ਬਾਦਲ ਪਰਿਵਾਰ ਖ਼ਿਲਾਫ਼ ਝੂਠ ਬੋਲਦੇ ਹੀ ਸਨ ਹੁਣ ਮੁੱਖ ਮੰਤਰੀ ਬਣਨ ਮਗਰੋਂ ਅਜਿਹਾ ਕਰਨ ਤੋਂ ਨਹੀਂ ਹਟੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਉਨ੍ਹਾਂ ਦੇ ਹਰਿਆਣਾ ਸਥਿਤ ਬਾਲਾਸਰ ਫਾਰਮ ਨੂੰ ਜਾਂਦੀ ਕੱਸੀ ਬਾਰੇ ਝੂਠ ਬੋਲਿਆ ਕਿ ਇਹ ਅਕਾਲੀ ਦਲ ਸਰਕਾਰ ਦੇ ਰਾਜ ਵੇਲੇ ਕੱਢੀ ਗਈ ਹੈ ਅਤੇ ਇਹ ਕੱਸੀ ਬਾਦਲ ਪਰਿਵਾਰ ਦੇ ਖੇਤ ਤੱਕ ਜਾਂਦੀ ਹੈ। ਦੂਜਾ ਝੂਠ ਬਾਦਲ ਪਰਿਵਾਰ ਦੀ ਟਰਾਂਸਪੋਰਟ ਬਾਰੇ ਬੋਲਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਪਰਮਿਟ 'ਐਕਸਟੈਂਡ' ਕਰਵਾ ਕੇ ਚੰਡੀਗੜ੍ਹ ਦੇ ਕਰਵਾ ਲਏ ਹਨ। ਇਸ ਤਰ੍ਹਾਂ ਉਹ ਲਗਾਤਾਰ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਖ਼ਰਾਬ ਕਰ ਰਹੇ ਹਨ। ਇਸ ਲਈ ਉਨ੍ਹਾਂ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕਰਕੇ ਇਕ ਕਰੋੜ ਰੁਪਏ ਹਰਜਾਨੇ ਅਤੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਜ਼ਿਲ੍ਹਾ ਪ੍ਰਧਾਨ ਪ੍ਰੀਤਇੰਦਰ ਸਿੰਘ ਸੇਮਵਾਲੀ ਤੇ ਜਗਜੀਤ ਸਿੰਘ ਹਨੀ ਫੱਤਣਵਾਲਾ ਵੀ ਮੌਜੂਦ ਸੀ। ਇਸ ਦੌਰਾਨ ਸੁਖਬੀਰ ਬਾਦਲ ਦੇ ਵਕੀਲ ਮਨਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ 17 ਨਵੰਬਰ ਨੂੰ ਰਜਿਸਟਰਡ ਡਾਕ ਰਾਹੀਂ ਕਾਨੂੰਨੀ ਨੋਟਿਸ ਭੇਜ ਕੇ ਬਿਨਾਂ ਸ਼ਰਤ ਮੁਆਫ਼ੀ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਵੱਲੋਂ ਨਾ ਤਾਂ ਮੁਆਫੀ ਮੰਗੀ ਤੇ ਨਾ ਹੀ ਪੱਤਰ ਦਾ ਜਵਾਬ ਦਿੱਤਾ ਗਿਆ। ਇਸ ਕਾਰਨ ਅੱਜ ਇਥੇ ਸੀਜੇਐਮ ਜਤਿੰਦਰਪਾਲ ਸਿੰਘ ਦੀ ਅਦਾਲਤ ਵਿੱਚ ਕੇਸ ਦਾਖ਼ਲ ਕੀਤਾ ਗਿਆ ਜਿਹੜਾ ਉਨ੍ਹਾਂ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਿਵੀਜ਼ਨ ਰਾਜਪਾਲ ਰਾਵਲ ਦੀ ਅਦਾਲਤ ਨੂੰ ਭੇਜ ਦਿੱਤਾ ਹੈ।



# ਬਾਦਲਾਂ ਖ਼ਿਲਾਫ਼ ਸਬੂਤ ਅਦਾਲਤ 'ਚ ਪੇਸ਼ ਕਰਾਂਗਾ-ਭਗਵੰਤ ਮਾਨ

## ਮੁੱਖ ਮੰਤਰੀ ਨੇ ਸੁਖਬੀਰ ਵੱਲੋਂ ਮਾਣਹਾਨੀ ਕੇਸ ਦਾਇਰ ਕਰਨ ਦਾ ਸਵਾਗਤ ਕੀਤਾ

ਸੰਗਰੂਰ-ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਵੱਲੋਂ ਦਾਇਰ ਮਾਣਹਾਨੀ ਦੇ ਮੁਕੱਦਮੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਬਾਦਲ ਪਰਿਵਾਰ ਦੇ ਪੰਜਾਬ ਵਿਰੋਧੀ ਪੈਂਤੜੇ ਅਤੇ ਕੰਮਾਂ ਦਾ ਪਰਦਾਫ਼ਾਸ਼ ਕਰਨ ਦਾ ਇੱਕ ਹੋਰ ਮੌਕਾ ਮਿਲੇਗਾ ਅਤੇ ਉਹ ਬਾਦਲਾਂ ਖ਼ਿਲਾਫ਼ ਸਬੂਤ ਅਦਾਲਤ ਵਿੱਚ ਪੇਸ਼ ਕਰਨਗੇ। ਸ੍ਰੀ ਮਾਨ ਨੇ ਪਿੰਡ ਕਾਂਝਲਾ ਵਿੱਚ ਵੱਖ-ਵੱਖ ਪਿੰਡਾਂ ਦੀਆਂ 14 ਲਾਇਬਰੇਰੀਆਂ ਦਾ ਉਦਘਾਟਨ ਕੀਤਾ ਅਤੇ ਸੰਗਰੂਰ ਵਿੱਚ ਹਾਕੀ ਐਸਟਰੋਟਰਫ ਅਤੇ ਵੇਟਲਿਫਟਿੰਗ ਸੈਂਟਰ ਦਾ ਉਦਘਾਟਨ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਖਿਡਾਰੀ ਸੂਬੇ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਹਾਕੀ ਟੀਮ ਵਿੱਚ ਦਸ ਖਿਡਾਰੀ ਪੰਜਾਬ ਦੇ ਹਨ। ਉਨ੍ਹਾਂ ਆਖਿਆ ਕਿ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਲਾਇਬਰੇਰੀਆਂ ਪੰਜਾਬ ਦੇ ਵਿਕਾਸ ਅਤੇ ਖ਼ੁਸ਼ਹਾਲੀ ਦੇ ਧੁਰੇ ਵਾਂਗ ਕੰਮ ਕਰਨਗੀਆਂ। ਉਨ੍ਹਾਂ ਕਿਹਾ ਕਿ ਲਾਇਬਰੇਰੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਦਲਾਂ ਦੀਆਂ ਬੱਸਾਂ, ਹੋਟਲਾਂ ਅਤੇ ਹੋਰ ਵਧਾਏ ਕਾਰੋਬਾਰਾਂ ਦੇ ਦਸਤਾਵੇਜ਼ ਉਨ੍ਹਾਂ ਕੋਲ ਹਨ, ਜਿਸ ਬਾਰੇ ਉਹ ਲੋਕਾਂ ਨੂੰ ਵਿਸਥਾਰ ਨਾਲ ਦੱਸਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਆਪਣੀ ਜਾਇਦਾਦ ਬਚਾਉਣ ਲਈ ਕੇਸ ਲੜ ਰਹੇ ਹਨ, ਜਦੋਂ ਕਿ ਉਹ ਲੋਕਾਂ ਨੂੰ ਬਚਾਉਣ ਲਈ ਅਦਾਲਤ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਉਨ੍ਹਾਂ ਦੇ ਗੁਨਾਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਦੇ। ਆਮ ਚੋਣਾਂ ਸਬੰਧ ਸਵਾਲ 'ਤੇ ਮੁੱਖ ਮੰਤਰੀ ਨੇ ਆਪਣੇ ਅੰਦਾਜ਼ ਵਿੱਚ 'ਦੇਸ਼ 'ਚ ਪੰਜਾਬ ਬਣੇਗਾ ਹੀਰੋ, ਲੋਕ ਸਭਾ ਚੋਣਾਂ 'ਚ ਇਸ ਵਾਰ 13-0" ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ 'ਆਪ' ਆਗਾਮੀ ਆਮ ਚੋਣਾਂ ਦੌਰਾਨ ਸੂਬੇ ਦੀਆਂ ਸਾਰੀਆਂ ਸੀਟਾਂ 13 'ਤੇ ਜਿੱਤ ਹਾਸਲ ਕਰੇਗੀ ਅਤੇ ਬਾਕੀ ਪਾਰਟੀਆਂ ਦੇ ਖਾਤਾ ਵੀ ਨਹੀਂ ਖੁੱਲ੍ਹਣ ਦੇਵੇਗੀ। ਕੇਂਦਰ ਸਰਕਾਰ ਵਲੋਂ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਕੀ ਸ਼ਾਮਲ ਨਾ ਕਰਨ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਜੇਕਰ ਦਿੱਲੀ ਵਾਲੇ ਪੰਜਾਬ ਦੀ ਝਾਕੀ ਨਹੀਂ ਦਿਖਾਉਣਗੇ ਤਾਂ ਕੀ ਸ਼ਹੀਦ ਭਗਤ ਸਿੰਘ ਵਰਗੇ ਮਹਾਨ ਯੋਧਿਆਂ ਦਾ ਮਾਣ-ਸਨਮਾਨ ਘੱਟ ਜਾਵੇਗਾ ?" ਉਨ੍ਹਾਂ ਕਿਹਾ ਕਿ ਪੰਜਾਬ ਦੀ ਝਾਕੀ ਨੂੰ ਸ਼ਾਮਲ ਕਰਨ ਨਾਲ 26 ਜਨਵਰੀ ਨੂੰ ਹੋਣ ਵਾਲੀ ਪਰੇਡ ਦੀ ਸ਼ਾਨ ਵਧਣੀ ਸੀ। ਮਾਨ ਨੇ ਆਖਿਆ ਕਿ ਪੰਜਾਬ ਤੋਂ ਬਗ਼ੈਰ ਦਿੱਲੀ ਵਾਲੇ ਅਜ਼ਾਦੀ ਦੇ ਦਿਹਾੜੇ ਕਿਵੇਂ ਮਨਾ ਲੈਣਗੇ। ਮਹਾਨ ਕੌਮੀ ਨਾਇਕਾਂ ਦੀ ਸ਼ਹਾਦਤ ਦਰਸਾਉਣ ਵਾਲੀਆਂ ਝਾਕੀਆਂ ਰੱਦ ਕਰਨ ਦਾ ਭਾਜਪਾ ਕੋਲ ਕੋਈ ਨੈਤਿਕ ਅਧਿਕਾਰ ਨਹੀਂ। ਉਨ੍ਹਾਂ ਆਖਿਆ, "ਕੇਂਦਰ ਨੇ ਅੱਜ ਅਗਲੇ ਤਿੰਨ ਸਾਲਾਂ ਲਈ 15 ਅਗਸਤ ਅਤੇ 26 ਜਨਵਰੀ ਦਾ ਕੈਲੰਡਰ ਜਾਰੀ ਕਰ ਦਿੱਤਾ ਹੈ ਜਿਸ ਵਿਚ ਪੰਜਾਬ ਦੀ ਝਾਕੀ ਜ਼ਰੂਰ ਸ਼ਾਮਲ ਹੋਇਆ ਕਰੇਗੀ। ਇਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦਾ ਗੁੱਸਾ ਬਿਲਕੁਲ ਜਾਇਜ਼ ਸੀ।"



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ, ਕਲਾਕਾਰਾਂ ਨੇ ਮਨਾਇਆ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਦਾ ਜਨਮ ਦਿਨ

ਸਰੀ (ਹਰਦਮ ਮਾਨ)- ਵੈਨਕੂਵਰ ਵਿਚਾਰ ਮੰਚ ਵੱਲੋਂ ਅੱਜ ਜਰਨੈਲ ਆਰਟ ਗੈਲਰੀ ਸਰੀ ਵਿਖੇ ਇਕ ਵਿਸ਼ੇਸ਼ ਮੀਟਿੰਗ ਕਰ ਕੇ ਪੰਜਾਬੀ ਦੇ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਦੇ ਜਨਮ ਦਿਨ 'ਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਪੰਜਾਬੀ ਸਾਹਿਤ ਦੇ ਸਮੂਹ ਪਾਠਕਾਂ ਨੂੰ ਗੁਰਦਿਆਲ ਸਿੰਘ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨਾਲ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ। ਉਨ੍ਹਾਂ ਦੱਸਿਆ ਕਿ ਲਿਖਾਰੀ ਸਭਾ ਬਰਨਾਲਾ ਇਲਾਕੇ ਦੀ ਪ੍ਰਸਿੱਧ



ਸਾਹਿਤਕ ਸੰਸਥਾ ਸੀ ਅਤੇ ਗੁਰਦਿਆਲ ਸਿੰਘ ਵੀ ਉਸ ਸਭਾ ਦੇ ਮੈਂਬਰ ਸਨ ਅਤੇ ਉਸ ਸਭਾ ਵਿਚ ਉਨ੍ਹਾਂ ਦਾ ਮਿਲਾਪ ਗੁਰਦਿਆਲ ਸਿੰਘ ਨਾਲ ਹੋਇਆ। ਗੁਰਦਿਆਲ ਸਿੰਘ ਨੇ ਸ਼ੁਰੂ ਵਿਚ ਬਕੱਲਮਖ਼ੁਦ ਕਾਲਮ ਰਾਹੀਂ ਬਾਲ ਸਾਹਿਤ ਦੀ ਰਚਨਾ ਕੀਤੀ। ਕੁਝ ਕਵਿਤਾਵਾਂ ਵੀ ਲਿਖੀਆਂ ਸਨ ਜੋ ਗੁਰਦਿਆਲ ਸਿੰਘ ਰਾਹੀ ਦੇ ਨਾਂ ਹੇਠ ਪ੍ਰਕਾਸ਼ਿਤ ਹੋਈਆਂ, ਫਿਰ ਉਨ੍ਹਾਂ ਬਹੁਤ ਵਧੀਆ ਕਹਾਣੀਆਂ ਲਿਖੀਆਂ। ਜਦੋਂ ਉਨ੍ਹਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ ਤਾਂ ਉਸ ਨੇ ਪੰਜਾਬੀ ਨਾਵਲ ਨੂੰ ਅਹਿਮ ਮੋੜ ਦਿੱਤਾ। 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਣ ਉਪਰੰਤ ਦੇ ਗੁਰਦਿਆਲ ਸਿੰਘ ਦੇ ਨਾਮ ਨਾਲ "ਮੜ੍ਹੀ ਦਾ ਦੀਵਾ" ਜੁੜ ਗਿਆ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਨਾਇਕ ਦੇ ਪ੍ਰਚੱਲਤ ਸੰਕਲਪ ਨੂੰ ਤੋੜਿਆ ਅਤੇ ਦੱਬੇ ਕੁਚਲੇ ਅਤੇ ਆਮ ਲੋਕਾਂ ਨੂੰ ਪੰਜਾਬੀ ਨਾਵਲ ਦੇ ਨਾਇਕ ਬਣਾਇਆ। ਉਨ੍ਹਾਂ ਦੇ ਨਾਵਲਾਂ ਵਿਚ ਲੇਖਕ ਖ਼ੁਦ ਕਿਤੇ ਨਜ਼ਰ ਨਹੀਂ ਆਉਂਦਾ ਸਗੋਂ ਪਾਤਰ ਹੀ ਆਪਣੇ ਸਹਿਜ ਰੂਪ ਵਿਚ ਪ੍ਰਗਟ ਹੁੰਦੇ ਹਨ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਗੁਰਦਿਆਲ ਸਿੰਘ ਨੂੰ ਪੰਜਾਬੀ ਦੇ ਬਹੁਤ ਵੱਡੇ ਨਾਵਲਕਾਰ ਦੱਸਦਿਆਂ ਕਿਹਾ ਕਿ 'ਮੜ੍ਹੀ ਦਾ ਦੀਵਾ' ਤੇ 'ਅਣਹੋਏ' ਉਨ੍ਹਾਂ ਦੇ ਵਿਸ਼ਵ ਪ੍ਰਸਿੱਧ ਸ਼ਾਹਕਾਰ ਹਨ। ਉਨ੍ਹਾਂ ਆਪਣੇ ਨਾਵਲਾਂ ਵਿਚ ਠੇਠ ਮਲਵਈ ਭਾਸ਼ਾ ਨੂੰ ਪ੍ਰਸਾਰਨ ਦਾ ਵੀ ਵਿਸ਼ੇਸ਼ ਕਾਰਜ ਕੀਤਾ। ਹਰਦਮ ਸਿੰਘ ਮਾਨ ਨੇ ਉਨ੍ਹਾਂ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਨੂੰ ਗੁਰਦਿਆਲ ਸਿੰਘ ਦੀ ਸਾਹਿਤਕ ਬੁੱਕਲ ਮਾਨਣ ਦਾ ਫ਼ਖ਼ਰ ਹਾਸਲ ਹੈ। ਉਹ ਬਹੁਤ ਹੀ ਦਰਵੇਸ਼ ਇਨਸਾਨ, ਵੱਡੇ ਵਿਦਵਾਨ, ਮਹਾਨ ਚਿੰਤਕ ਅਤੇ ਸਾਹਿਤਕਾਰ ਸਨ ਜਿਨ੍ਹਾਂ ਪੰਜਾਬੀ ਸਾਹਿਤ ਨੂੰ ਵਿਸ਼ਵ ਦੀਆਂ ਬੁਲੰਦੀਆਂ ਤੀਕ ਪੁਚਾਇਆ। ਸ਼ੁਰੂ ਵਿਚ ਉਨ੍ਹਾਂ ਦਾ ਜੀਵਨ ਬੇਹੱਦ ਸੰਘਰਸ਼ਮਈ ਰਿਹਾ। ਉਨ੍ਹਾਂ ਨੇ ਦਸ ਨਾਵਲਾਂ, ਦਸ ਕਹਾਣੀ ਸੰਗ੍ਰਿਹਾਂ, ਤਿੰਨ ਨਾਟਕਾਂ ਤੇ ਦਸ ਬਾਲ ਪੁਸਤਕਾਂ ਦੇ ਯੋਗਦਾਨ ਰਾਹੀਂ ਪੰਜਾਬੀ ਸਾਹਿਤ ਨੂੰ ਮਾਲੋਮਾਲ ਕੀਤਾ ਅਤੇ ਇਸ ਯੋਗਦਾਨ ਦੀ ਬਦੌਲਤ ਉਨ੍ਹਾਂ ਨੂੰ ਸਾਹਿਤ ਦੇ ਵੱਡੇ ਵੱਡੇ ਮਾਣ ਸਨਮਾਨ ਮਿਲੇ। ਅੰਗਰੇਜ਼ ਬਰਾੜ ਨੇ ਉਨ੍ਹਾਂ ਨੂੰ ਸਾਡੇ ਸਮਿਆਂ ਦਾ ਬਹੁਤ ਵੱਡਾ ਲੇਖਕ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਨਿਵੇਕਲੀਆਂ ਪੈੜਾਂ ਪਾਈਆਂ। ਉਨ੍ਹਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਾਹਿਤਕ ਐਵਾਰਡ 'ਗਿਆਨਪੀਠ' ਹਾਸਲ ਕਰਨ ਦਾ ਵੀ ਫ਼ਖ਼ਰ ਪ੍ਰਾਪਤ ਹੋਇਆ। ਮਹਿੰਦਰਪਾਲ ਸਿੰਘ ਪਾਲ, ਬੌਬੀ ਦਿਓਲ, ਨਰਿੰਦਰ ਸਿੱਧੂ ਅਤੇ ਪ੍ਰੀਤਇੰਦਰ ਸਿੰਘ ਬਾਜਵਾ ਨੇ ਇਸ ਮੌਕੇ ਗੁਰਦਿਆਲ ਸਿੰਘ ਨਾਵਲਾਂ ਅਤੇ ਪਾਤਰ ਚਿਤਰਣ ਦੀ ਗੱਲ ਕੀਤੀ।

## ਵੈਨਕੂਵਰ ਵਿਚ ਇਕ ਸਿਰ ਫਿਰੇ ਵਲੋਂ ਗੋਲੀਬਾਰੀ

ਵੈਨਕੂਵਰ-ਇਥੇ ਸੜਕ ਦੁਰਘਟਨਾ ਤੋਂ ਮਸਾਂ ਬਚਾਅ ਹੋਣ ਪਿੱਛੋਂ ਇਕ ਪੈਦਲ ਯਾਤਰੀ ਨੇ ਬੰਦੂਕ ਕੱਢ ਕੇ ਡਰਾਈਵਰ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਪਿੱਛੋਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਕਿਹਾ ਕਿ ਗੋਲੀਬਾਰੀ ਦੀ ਘਟਨਾ ਪੂਰਬੀ 12ਵੀਂ ਐਵੀਨਿਊ ਨੇੜੇ ਕਮਰਸ਼ੀਅਲ ਡਰਾਈਵ 'ਤੇ ਸਨਿਚਰਵਾਰ ਵਾਪਰੀ। ਉਨ੍ਹਾਂ ਦੱਸਿਆ ਕਿ ਮੋਟਰ ਗੱਡੀ ਚਾਲਕ ਨੇ ਸੜਕ 'ਤੇ ਇਧਰ ਉਧਰ ਘੁੰਮ ਰਹੇ ਵਿਅਕਤੀ ਨੂੰ ਬਚਾਉਣ ਲਈ ਮਸਾਂ ਆਪਣੀ ਮੋਟਰ ਗੱਡੀ ਰੋਕੀ ਅਤੇ ਇਸ ਪਿੱਛੋਂ ਦੋਵਾਂ ਵਿਚਕਾਰ ਸ਼ਬਦੀ ਜੰਗ ਸ਼ੁਰੂ ਹੋ ਗਈ। ਇਸ ਪੈਦਲ ਯਾਤਰੀ ਨੇ ਇਸ ਪਿੱਛੋਂ ਡਰਾਈਵਰ 'ਤੇ ਗੋਲੀ ਚਲਾ ਦਿੱਤੀ ਪਰ ਉਸ ਦਾ ਬਚਾਅ ਹੋ ਗਿਆ। ਮੌਕੇ 'ਤੇ ਪੁਲਿਸ ਅਧਿਕਾਰੀਆਂ ਨੂੰ ਬੁਲਾਇਆ ਗਿਆ ਜਿਨ੍ਹਾਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਵਿਅਕਤੀ ਨੂੰ ਪੁਲਿਸ ਨੇ ਹਿਰਾਸਤ ਵਿਚ ਰੱਖਿਆ ਹੋਇਆ ਹੈ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।










# ਬੀਸੀ ਯੂਨਾਈਟਡ ਨੇ ਕਲਾਸ ਰੂਮਾਂ ਵਿਚ ਸੈੱਲਫੋਨ 'ਤੇ ਪਾਬੰਦੀ ਦੀ ਮੰਗ ਨੂੰ ਮੁੜ ਦੁਹਰਾਇਆ

ਵਿਕਟੋਰੀਆ-ਬੀਸੀ ਯੂਨਾਈਟਡ ਨੇ ਸੂਬਾ ਸਕੂਲਾਂ ਦੇ ਕਲਾਸ ਰੂਮਾਂ ਵਿਚ ਸੈੱਲਫੋਨਾਂ 'ਤੇ ਪਾਬੰਦੀ ਦੀ ਆਪਣੀ ਮੰਗ ਨੂੰ ਮੁੜ ਦੁਹਰਾਉਂਦੇ ਹੋਏ ਦਾਅਵਾ ਕੀਤਾ ਕਿ ਮੁੱਦਾ ਪਿਛਲੇ ਮਹੀਨੇ ਜਾਰੀ ਕੀਤੇ ਗਏ ਵਿਦਿਅਕ ਸਕੋਰਾਂ ਵਿਚ ਗਿਰਾਵਟ ਦੇ ਕਾਰਨ ਦਾ ਹਿਸਾ ਹੈ। ਇਕ ਬਿਆਨ ਵਿਚ ਪਾਰਟੀ ਨੇਤਾ ਫਾਲਕਨ ਨੇ ਕਿਹਾ ਕਿ ਜੇਕਰ ਚੋਣਾਂ ਵਿਚ ਜਿੱਤ ਹੋਈ ਤਾਂ ਬੀਸੀ ਯੂਨਾਈਟਡ ਕਲਾਸ ਰੂਮਾਂ ਵਿਚ ਸੈੱਲਫੋਨਾਂ 'ਤੇ ਪਾਬੰਦੀ ਲਗਾ ਦੇਵੇਂਗੀ। ਇਹ ਗੱਲ ਮਾਪਿਆਂ ਲਈ ਸਪਸ਼ਟ ਹੈ ਕਿਵੇਂ ਮੋਬਾਈਲ ਫੋਨ ਦੀ ਵਰਤੋਂ ਸਾਡੇ ਬੱਚਿਆਂ ਦੀ ਸਿੱਖਿਆ 'ਤੇ ਨਾਕਾਰਾਤਮਿਕ ਅਸਰ ਪਾ ਰਹੀ ਹੈ। ਐਨਡੀਪੀ ਵਲੋਂ ਉਸ ਸਮੇਂ ਕਾਰਵਾਈ ਕਰਨ ਵਿਚ ਝਿਜਕ ਦਿਖਾਈ ਜਾ ਰਹੀ ਹੈ ਜਦੋਂ ਬੀਸੀ ਗਣਿਤ ਅਤੇ ਅੰਗਰੇਜ਼ੀ ਵਿਚ ਸਾਖਰਤਾ ਦਰ ਤੇ ਸਿੱਖਿਆ ਦੇ ਨਤੀਜਿਆਂ ਵਿਚ ਕਮੀ ਦੇਖ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀ ਮੁਲਾਂਕਣ ਪ੍ਰੋਗਰਾਮ 2000 ਤੋਂ



ਅਸਲ ਜਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ 15 ਸਾਲਾ ਦੇ ਬੱਚਿਆਂ ਦੇ ਪੜ੍ਹਨ, ਗਣਿਤ ਅਤੇ ਸਾਇੰਸ ਵਿਚ ਗਿਆਨ ਤੇ ਹੁਨਰ ਦੀ ਵਰਤੋਂ ਕਰਨ ਦੀ ਯੋਗਤਾ ਨੂੰ ਮਾਪ ਰਿਹਾ ਹੈ। 'ਪੀਸਾ' ਨਤੀਜੇ ਜਿਹੜੇ ਪਿਛਲੇ ਮਹੀਨੇ ਰਿਲੀਜ਼ ਕੀਤੇ ਗਏ ਵਿਚ ਪਾਇਆ ਕਿ ਬੀਸੀ ਤੇ ਤਿੰਨ ਹੋਰ ਸੂਬੇ ਗਣਿਤ ਵਿਚ 472 ਅੰਕ ਨਾਲ ਔਸਤਨ ਅੰਤਰਰਾਸ਼ਟਰੀ ਸਕੋਰ ਤੋਂ ਉੱਪਰ ਰਹੇ ਹਨ। ਕੈਨੇਡਾ ਦਾ ਸਮੁੱਚਾ ਸਕੋਰ 496 ਜਦਕਿ ਕਿਊਬਕ ਦਾ 514 ਰਿਹਾ ਹੈ। ਬੀਸੀ ਦੇ ਵਿਦਿਆਰਥੀਆਂ ਦਾ ਸਕੋਰ 497 ਰਿਹਾ ਪਰ ਇਹ ਅਲਬਰਟਾ ਦੇ 504 ਦੇ ਸਕੋਰ ਤੋਂ ਪਿੱਛੇ ਹੈ। ਸਿੰਗਾਪੁਰ 575, ਮੇਨਲੈਂਡ ਚੀਨ ਦੇ ਵਿਸ਼ੇਸ਼ ਪ੍ਰਸ਼ਾਸਕੀ ਜ਼ੋਨ ਮਕਾਉ 552 ਅਤੇ ਚੀਨੀ ਤਾਈਪੇ 547 ਜਿਸ ਨੂੰ ਤਾਈਵਾਨ ਕਰਕੇ ਜਾਣਿਆਂ ਜਾਂਦਾ ਹੈ ਦੀ ਅਗਵਾਈ ਵਿਚ ਗਣਿਤ ਵਿਸ਼ੇ ਵਿਚ ਏਸ਼ੀਅਨ ਦੇਸ਼ਾਂ ਦਾ ਦਬਦਬਾ ਰਿਹਾ ਹੈ।

## ਪੁਲਿਸ ਨੂੰ ਗੋਲੀਬਾਰੀ ਦੀ ਜਾਂਚ ਵਿਚ ਨੀਲੇ ਰੰਗ ਦੀ ਹੈਚਬੈਕ ਦੀ ਭਾਲ

ਸਰੀ-ਇਥੋਂ ਦੀ ਪੁਲਿਸ 80 ਐਵੀਊ ਦੇ 14900 ਬਲਾਕ ਵਿਚ ਗੋਲੀਬਾਰੀ ਦੀ ਕੀਤੀ ਜਾ ਰਹੀ ਜਾਂਚ ਨਾਲ ਸਬੰਧਤ ਨੀਲੇ ਰੰਗ ਦੀ ਹੈਚਬੈਕ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ 27 ਦਸੰਬਰ ਨੂੰ ਸਵੇਰੇ 8 ਵਜੇ ਫੋਨ ਕਾਲ ਆਉਣ 'ਤੇ ਇਕ ਘਰ ਵਿਖੇ ਪੁੱਜੀ। ਕਾਰਪੋਰਲ ਸਰਬਜੀਤ ਸੰਘਾ ਨੇ ਕਿਹਾ ਕਿ ਸ਼ੁਕਰ ਹੈ ਕਿ ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਸਰੀ ਆਰਸੀਐਮਪੀ ਜਨਰਲ ਇਨਵੈਸਟੀਗੇਸ਼ਨ ਯੂਨਿਟ ਜਾਂਚ ਨੂੰ ਅੱਗੇ ਵਧਾਉਣ ਲਈ ਕੰਮ ਕਰ ਰਹੀ ਹੈ ਅਤੇ ਲੋੜੀਂਦੀ ਮੋਟਰ ਗੱਡੀ ਦੀ ਪਛਾਣ ਕੀਤੀ ਗਈ ਹੈ। ਪੁਲਿਸ 2017 ਅਤੇ 2019 ਵਿਚਕਾਰ ਮਾਡਲ ਵਾਲੀ ਨੀਲੇ ਰੰਗ ਦੀ ਮਿਤਸੁਬਿਸ਼ੀ ਮਿਰਾਜ ਹੈਚਬੈਕ ਦੀ ਭਾਲ ਕਰ ਰਹੀ ਹੈ। ਪੁਲਿਸ ਇਸ ਬਾਰੇ ਕੋਈ ਵੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੂੰ ਸਰੀ ਆਰਐਮਪੀ ਨਾਲ 604-599-0502 'ਤੇ ਸੰਪਰਕ ਕਰਨ ਲਈ ਕਹਿ ਰਹੀ ਹੈ।

## ਬੀਸੀ ਪ੍ਰਾਈਡ ਸੁਸਾਇਟੀ ਦੇ ਸਾਬਕਾ ਪ੍ਰਧਾਨ 'ਤੇ ਬਾਲ ਅਸ਼ਲੀਲ ਅਪਰਾਧਾਂ ਦਾ ਦੋਸ਼ ਆਇਦ

ਸਰੀ-ਫੋਰਟ ਸੇਂਟ ਜੌਹਨ ਪ੍ਰਾਈਡ ਸੁਸਾਇਟੀ ਦਾ ਸਾਬਕਾ ਪ੍ਰਧਾਨ ਕਈ ਜਿਣਸੀ ਅਪਰਾਧ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਜਿਸ ਵਿਚ ਬਾਲ ਪੋਰਨੋਗ੍ਰਾਫੀ ਅਪਰਾਧਾਂ ਨਾਲ ਸਬੰਧਤ ਦੋ ਦੋਸ਼ ਵੀ ਸ਼ਾਮਿਲ ਹਨ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਡੈਨ ਮੈਕਲੌਘਲਿਨ ਨੇ ਬਲੈਕ ਪ੍ਰੈਸ ਮੀਡੀਆ ਕੋਲ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸ਼ੌਨ ਐਡਵਾਰਡ ਲਿਓਨਾਰਡ ਗਰੈਵਲਜ਼ 'ਤੇ ਜਿਣਸੀ ਦਖਲਅੰਦਾਜ਼ੀ, ਜਿਣਸੀ ਸ਼ੋਸ਼ਣ, ਬਾਲ ਪੋਰਨੋਗ੍ਰਾਫੀ ਕੋਲ ਰੱਖਣ ਤੇ ਵਿਤਰਣ ਕਰਨ ਦੇ ਦੋਸ਼ ਲਗਾਏ ਗਏ ਹਨ। ਜਿਣਸੀ ਦਖਲਅੰਦਾਜ਼ੀ ਅਤੇ ਜਿਣਸੀ ਸ਼ੋਸ਼ਣ ਦਾ ਅਪਰਾਧ 29 ਦਸੰਬਰ 2023 ਜਦਕਿ ਬਾਲ ਪੋਰਨੋਗ੍ਰਾਫੀ ਦੇ ਅਪਰਾਧ ਕਥਿਤ ਰੂਪ ਵਿਚ 31 ਦਸੰਬਰ ਨੂੰ ਵਾਪਰੇ। ਮੈਕਲੌਘਲਿਨ ਨੇ ਕਿਹਾ ਕਿ ਗਰੈਵਲਜ਼ ਪਹਿਲੀ ਜਨਵਰੀ ਨੂੰ ਅਦਾਲਤ ਵਿਚ ਪੇਸ਼ ਹੋਇਆ ਸੀ ਅਤੇ ਅਗਲੀ ਪੇਸ਼ੀ 29 ਜਨਵਰੀ ਨੂੰ ਹੈ।

## ਟੋਰਾਂਟੋ ਦੇ ਪੀਅਰਸਨ ਏਅਰਪੋਰਟ 'ਤੇ ਯਾਤਰੀ ਜਹਾਜ਼ ਤੋਂ ਟਰਮੈਕ 'ਤੇ ਡਿੱਗਿਆ

ਟੋਰਾਂਟੋ-ਏਅਰ ਕੈਨੇਡਾ ਏਸੀ-ਟੀ ਦਾ ਕਹਿਣਾ ਕਿ ਉਹ ਟੋਰਾਂਟੋ ਤੋਂ ਦੁਬਈ ਜਾ ਰਹੀ ਇਕ ਉਡਾਨ 'ਤੇ ਸਵਾਰ ਯਾਤਰੀ ਵਲੋਂ ਕੈਬਿਨ ਦਾ ਦਰਵਾਜਾ ਖੋਲ੍ਹਣ ਅਤੇ ਪੀਅਰਸਨ ਏਅਰਪੋਰਟ ਵਿਖੇ ਟਰਮੈਕ 'ਤੇ ਡਿਗ ਪੈਣ ਪਿੱਛੋਂ ਘਟਨਾ ਦੀ ਸਮੀਖਿਆ ਕਰ ਰਹੀ ਹੈ। ਏਅਰਲਾਈਨ ਦਾ ਕਹਿਣਾ ਕਿ ਇਹ ਘਟਨਾ ਸੋਮਵਾਰ ਫਲਾਈਟ ਏਸੀਓ56 'ਤੇ ਵਾਪਰੀ ਜਦੋਂ ਹਵਾਈ ਜਹਾਜ਼ ਟੋਰਾਂਟੋ ਹਵਾਈ ਅੱਡੇ ਦੇ ਗੇਟ 'ਤੇ ਸੀ। ਯਾਤਰੀ ਜਿਹੜਾ ਜਹਾਜ਼ 'ਤੇ ਆਰਾਮ ਨਾਲ ਚੜ੍ਹਿਆ ਸੀ ਆਪਣੀ ਸੀਟ ਵੱਲ ਨੂੰ ਨਹੀਂ ਗਿਆ ਅਤੇ ਇਸ ਦੀ ਬਜਾਏ ਉਸ ਨੇ ਜਹਾਜ਼ ਦੇ ਦੂਸਰੇ ਪਾਸੇ ਕੈਬਿਨ ਦਾ ਦਰਵਾਜਾ ਖੋਲ੍ਹ ਦਿੱਤਾ। ਏਅਰ ਕੈਨੇਡਾ ਨੇ ਦੱਸਿਆ ਕਿ ਯਾਤਰੀ ਟਰਮੈਕ 'ਤੇ ਡਿਗ ਪਿਆ ਅਤੇ ਜ਼ਖ਼ਮੀ ਹੋ ਗਿਆ ਅਤੇ ਐਮਰਜੈਂਸੀ ਸੇਵਾਵਾਂ ਨੂੰ ਮੌਕੇ 'ਤੇ ਬੁਲਾਇਆ ਗਿਆ।

## ਗਾਜ਼ਾ ਪਰਿਵਾਰ ਇਮੀਗ੍ਰੇਸ਼ਨ ਪ੍ਰੋਗਰਾਮ 'ਤੇ ਵੀਜ਼ਾ ਕੈਂਪ ਨੇ ਦਹਿਸ਼ਤ ਤੇ ਅਨਿਸ਼ਚਤਤਾ ਪੈਦਾ ਕੀਤੀ-ਕਿਹਾ ਵਕੀਲਾਂ ਨੇ

ਓਟਵਾ-ਸਪੈਸ਼ਲ ਇਮੀਗ੍ਰੇਸ਼ਨ ਉਪਾਵਾਂ ਤਹਿਤ ਗਾਜ਼ਾ ਪੱਟੀ ਤੋਂ ਸੁਰੱਖਿਅਤ ਆਪਣੇ ਪਰਿਵਾਰਕ ਮੈਂਬਰਾਂ ਨੂੰ ਕੈਨੇਡਾ ਲਿਆਉਣ ਦੀ ਆਸ ਕਰਨ ਵਾਲੇ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੇ ਵਕੀਲਾਂ ਦਾ ਕਹਿਣਾ ਕਿ ਓਟਵਾ ਵਲੋਂ 1000 ਬਿਨੇਕਾਰਾਂ ਤਕ ਪ੍ਰੋਗਰਾਮ ਨੂੰ ਸੀਮਤ ਕਰਨ ਦੇ ਫ਼ੈਸਲੇ ਨੇ ਦਹਿਸ਼ਤ ਤੇ ਅਨਿਸ਼ਚਤਤਾ ਪੈਦਾ ਕਰਨ ਦਿੱਤੀ ਹੈ। ਇਹ ਪ੍ਰੋਗਰਾਮ ਮੰਗਲਵਾਰ ਤੋਂ ਪ੍ਰਭਾਵੀ ਹੋਇਆ ਹੈ। ਸਰਕਾਰ ਨੇ ਕੈਪ ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਹੈ। ਆਰਜ਼ੀ ਉਪਾਵਾਂ ਤਹਿਤ ਕੈਨਡੀਅਨ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਸੀ ਵਾਲੇ ਲੋਕਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਗਜ਼ਾ ਤੋਂ



ਕੈਨੇਡਾ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਜਿਥੇ ਨਵੇਂ ਪਹੁੰਚਣ ਵਾਲੇ ਲੋਕ ਆਰਜ਼ੀ ਰੈਜ਼ੀਡੈਂਟ ਵਜੋਂ ਤਿੰਨ ਸਾਲ ਤਕ ਰਹਿ ਸਕਣਗੇ। ਇਸ ਪ੍ਰੋਗਰਾਮ ਦਾ ਉਦੇਸ਼ ਫਲਸਤੀਨੀਆਂ ਨੂੰ ਹਮਾਸ ਤੇ ਇਸਰਾਈਲ ਵਿਚਕਾਰ ਜੰਗ ਤੋਂ ਬਚਣ ਦਾ ਮੌਕਾ ਦੇਣਾ ਹੈ ਜਿਹੜੀ ਤਿੰਨ ਮਹੀਨਿਆਂ ਤੋਂ ਸੰਘਣੀ ਆਬਾਦੀ ਵਾਲੀ ਪੱਟੀ ਵਿਚ ਚਲ ਰਹੀ ਹੈ। ਜਦੋਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦਸੰਬਰ ਵਿਚ ਪ੍ਰੋਗਰਾਮ ਦਾ ਐਲਾਨ ਕੀਤਾ ਸੀ ਤਾਂ ਉਨ੍ਹਾਂ ਸਾਵਧਾਨ ਕੀਤਾ ਸੀ ਕਿ ਫਲਸਤੀਨੀਆਂ ਨੂੰ ਗਜ਼ਾ ਵਿਚੋਂ ਨਿਕਲਣ ਲਈ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਕੈਨੇਡਾ ਆਉਣ ਲਈ ਯੋਗ ਹੋਣ ਤੋਂ ਪਹਿਲਾਂ ਬਾਇਓਮੀਟਰਕ ਜਾਂਚ ਲਈ ਮਿਸਰ ਪਹੁੰਚਣਾ ਪਵੇਗਾ। ਉਨ੍ਹਾਂ ਕਿਹਾ ਕਿ ਮਿਸਰ ਦੀ ਰਫਾਹ ਸਰਹੱਦ ਰਾਹੀਂ ਗਜ਼ਾ ਛੱਡਣ ਦੀ ਆਸ ਕਰਨ ਵਾਲੇ ਲੋਕਾਂ ਦੀ ਸੂਚੀ ਦੀ ਦੋਵਾਂ ਇਸਰਾਈਲੀ ਤੇ ਮਿਸਰ ਸਰਕਾਰਾਂ ਵਲੋਂ ਜਾਂਚ ਕੀਤੇ ਜਾਣ ਦੀ ਲੋੜ ਹੈ। ਉਧਰ ਮਿਲਰ ਦੀ ਬੁਲਰਨ ਬਹੋਜ਼ ਡਾਰਾ ਅਜ਼ੀਜ਼ ਨੇ ਕਿਹਾ ਕਿ ਜਦੋਂ ਇਕ ਵਾਰ 1000 ਕੈਪ ਤਕ ਫਲਸਤੀਨੀਆਂ ਦੀ ਗਿਣਤੀ ਪਹੁੰਚ ਗਈ ਤਾਂ ਸਰਕਾਰ ਫਲਸਤੀਨੀਆਂ ਲਈ ਦਰਵਾਜੇ ਨਹੀਂ ਬੰਦ ਕਰ ਰਹੀ। ਉਨ੍ਹਾਂ ਕਿਹਾ ਕਿ ਓਟਵਾ ਇਹ ਦੇਖਣ ਲਈ ਸਥਿਤੀ ਦਾ ਮੁਲਾਂਕਣ ਕਰੇਗਾ ਕਿ ਕੀ ਪ੍ਰੋਗਰਾਮ ਨੂੰ ਵਧਾਉਣ ਦੀ ਲੋੜ ਹੈ ਜਾਂ ਨਹੀਂ।

## ਚਿੰਤਾ ਨਾ ਹੱਲ ਕਰਨ ਬਦਲੇ ਬੀ.ਸੀ. ਸਕੂਲ ਡਿਸਟ੍ਰਿਕਟ ਨੂੰ 5000 ਡਾਲਰ ਵਿਦਿਆਰਥਣ ਨੂੰ ਦੇਣ ਲਈ ਕਿਹਾ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਵਿਚ ਇਕ ਬੇਨਾਮ ਸਕੂਲ ਡਿਸਟ੍ਰਿਕਟ ਨੂੰ ਸੂਬੇ ਦੇ ਮਾਨਵੀ ਹੱਕਾਂ ਬਾਰੇ ਟ੍ਰਿਬਿਊਨਲ ਨੇ ਕਿਹਾ ਕਿ ਉਹ ਇਕ ਵਿਦਿਆਰਥਣ ਦੀ ਚਿੰਤਾ ਸਬੰਧੀ ਵਿਗਾੜ ਨੂੰ ਹੱਲ ਕਰਨ ਵਿਚ ਨਾਕਾਮ ਰਹਿਣ ਬਦਲੇ ਵਿਦਿਆਰਥਣ ਨੂੰ ਪੰਜ ਹਜ਼ਾਰ ਡਾਲਰ ਅਦਾ ਕਰੇ। ਟ੍ਰਿਬਿਊਨਲ ਦੇ ਵਾਈਸ ਚੇਅਰ ਡੇਵਿਨ ਕਜ਼ਨਿਊ ਨੇ ਪਿਛਲੇ ਮਹੀਨੇ ਜਾਰੀ ਇਕ ਫ਼ੈਸਲੇ ਵਿਚ ਕਿਹਾ ਕਿ ਸਕੂਲ ਡਿਸਟ੍ਰਿਕਟ ਵਿਦਿਆਰਥਣ ਦੀ 2018 ਵਿਚ ਹਾਈ ਸਕੂਲ ਨੂੰ ਟਰਾਂਜ਼ੀਸ਼ਨ ਨੂੰ ਲੈ ਕੇ ਉਸ ਦੀ ਚਿੰਤਾ ਦੀ ਜਾਂਚ ਕਰਨ ਤੇ ਉਸ ਨੂੰ ਹੱਲ ਕਰਨ ਲਈ ਯੋਗ ਕਦਮ ਚੁੱਕਣ ਵਿਚ ਨਾਕਾਮ ਰਿਹਾ ਹੈ। ਪਰਿਵਾਰ ਨੇ 2020 ਵਿਚ ਮਾਨਵੀ ਹੱਕਾਂ ਦੀ ਸ਼ਿਕਾਇਤ ਦਾਇਰ ਕਰਕੇ ਸਕੂਲ ਡਿਸਟ੍ਰਿਕਟ 'ਤੇ ਉਸ ਦੀ ਭਾਸ਼ਾ ਕਲਾਸ ਵਿਚ ਪਲੇਸਮੈਂਟ ਦੇ ਆਧਾਰ 'ਤੇ ਵਿਤਕਰਾ ਕਰਨ ਦਾ ਦੋਸ਼ ਲਗਾਇਆ ਸੀ ਜਿਸ ਨਾਲ ਉਸ ਦੀ ਅਪਾਹਜਤਾ ਵਧ ਗਈ ਅਤੇ ਸਿੱਖਿਆ ਤਕ ਉਸ ਦੀ ਪਹੁੰਚ ਦੀ ਯੋਗਤਾ ਨੂੰ ਕਮਜ਼ੋਰ ਕਰ ਦਿੱਤਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਲੋਅਰ ਮੇਨਲੈਂਡ ਵਿਚ ਜਬਰੀ ਵਸੂਲੀ ਤੇ ਹੋਰ ਘਟਨਾਵਾਂ ਦੇ ਠੋਸ ਨਤੀਜੇ ਦੇਵਾਂਗੇ-ਸਰੀ ਆਰ ਸੀ ਐਮ ਪੀ ਚੀਫ

## ਸਰੀ ਵਿਚ ਬਿਜਨੈਸ ਭਾਈਚਾਰੇ ਵਲੋਂ ਵਿਸ਼ਾਲ ਇਕਤਰਤਾ

ਸਰੀ (ਸੁਖਵਿੰਦਰ ਸਿੰਘ ਚੋਹਲਾ)-ਵੈਨਕੂਵਰ,ਸਰੀ ਤੇ ਐਬਸਫੋਰਡ ਵਿਚ ਕਾਰੋਬਾਰੀ ਲੋਕਾਂ ਨੂੰ ਜਬਰੀ ਵਸੂਲੀ ਲਈ ਧਮਕੀ ਪੱਤਰ, ਫੋਨ ਕਾਲਾਂ ਤੇ ਡਰਾਉਣ ਧਮਕਾਉਣ ਲਈ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਵਾਧੇ ਉਪਰ ਗਹਿਰੀ ਚਿੰਤਾ ਜ਼ਾਹਰ ਕਰਦਿਆਂ ਤੇ ਲੋਅਰ ਮੇਨਲੈਂਡ ਵਿਚ ਅਮਨ ਕਨੂੰਨ ਦੀ ਸਥਿਤੀ ਤੇ ਸੁਰੱਖਿਆ ਦੀ ਮੰਗ ਨੂੰ ਲੈਕੇ ਵੈਦਿਕ ਹਿੰਦੂ ਕਲਚਰਲ ਸੁਸਾਇਟੀ ਆਫ ਬੀਸੀ ਤੇ ਸਥਾਨਕ ਕਾਰੋਬਾਰੀਆਂ ਵਲੋਂ ਇਕ ਭਰਵੇਂ ਭਾਈਚਾਰਕ ਇਕੱਠ ਦਾ ਆਯੋਜਨ ਕੀਤਾ ਗਿਆ। ਰੀਫਲੈਕਸ਼ਨ ਹਾਲ ਸਰੀ ਵਿਖੇ ਹੋਏ ਇਸ ਭਾਰੀ ਇਕੱਠ ਵਿਚ ਬਿਜਨੈਸ ਕਮਿਊਨਿਟੀ ਦੇ ਲੋਕਾਂ ਤੋਂ ਇਲਾਵਾ ਬੀ ਸੀ ਸਰਕਾਰ ਦੇ ਪ੍ਰਤੀਨਿਧਾਂ, ਸਿਆਸੀ ਆਗੂਆਂ ਤੇ ਪੁਲਿਸ ਫੋਰਸ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕਰਦਿਆਂ ਲੋਅਰ ਮੇਨਲੈਂਡ ਵਿਚ ਬਣੇ ਤਾਜ਼ਾ ਹਾਲਾਤ ਉਪਰ ਵਿਚਾਰ ਚਰਚਾ ਕੀਤੀ ਤੇ ਸਮਾਜ ਵਿਰੋਧੀ ਅਨਸਰਾਂ ਦਾ ਮੁਕਾਬਲਾ ਕਰਨ ਲਈ ਸੁਰੱਖਿਆ ਫੋਰਸ ਵਿਚ ਯਕੀਨ ਰੱਖਣ ਅਤੇ ਆਪਸੀ ਭਾਈਚਾਰਕ ਇਕਮੁੱਠਤਾ ਉਪਰ ਜੋਰ ਦਿੱਤਾ। ਇਸ ਮੌਕੇ ਸਰੀ ਆਰ ਸੀ ਐਮ ਪੀ ਦੇ ਮੁਖੀ ਬਰਾਇਨ ਐਡਵਰਡ ਨੇ ਬੋਲਦਿਆਂ ਬਿਜਨੈਸ ਭਾਈਚਾਰੇ ਵਿਚ ਬਣੀ ਡਰ ਤੇ ਅਸੁਰੱਖਿਆ ਦੀ ਭਾਵਨਾ ਨੂੰ ਸਮਝਦਿਆਂ ਅਜਿਹੀ ਕਿਸੇ ਵੀ ਹਾਲਤ ਵਿਚ ਪੁਲਿਸ ਫੋਰਸ ਨਾਲ ਤੁਰੰਤ ਸੰਪਰਕ ਕਰਨ ਅਤੇ ਵਿਸ਼ਵਾਸ ਪ੍ਰਗਟਾਵੇ ਦਾ ਸੱਦਾ ਦਿੱਤਾ। ਉਹਨਾਂ ਦੱਸਿਆ ਕਿ ਇਹ ਸੱਚ ਹੈ ਕਿ ਵੈਨਕੂਵਰ, ਸਰੀ ਤੇ ਐਬਸਫੋਰਡ ਵਿਚ ਬਿਜਨੈਸ ਭਾਈਚਾਰੇ ਦੇ ਲੋਕਾਂ ਨੂੰ ਜਬਰੀ ਵਸੂਲੀ ਲਈ ਧਮਕੀਆਂ ਮਿਲੀਆਂ ਹਨ, ਗੋਲੀਬਾਰੀ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਇਹ ਸਭ ਉਵੇਂ ਹੈ ਜਿਵੇਂ ਟੋਰਾਂਟੋ, ਬਰੈਂਪਟਨ ਤੇ ਐਡਮਿੰਟਨ ਵਿਚ ਸਾਹਮਣੇ ਆਇਆ ਹੈ। ਸਮਾਜ ਵਿਰੋਧੀ ਅਨਸਰਾਂ ਵਲੋਂ ਸਭ ਥਾਂ ਇਕ ਹੀ ਢੰਗ ਤਰੀਕਾ ਵਰਤਿਆ ਗਿਆ ਹੈ। ਉਹਨਾਂ ਹੋਰ ਕਿਹਾ ਕਿ ਸੋਸ਼ਲ ਮੀਡੀਆ ਉਪਰ ਅਜਿਹੀਆਂ ਸੈਂਕੜੇ ਘਟਨਾਵਾਂ ਵਾਪਰਨ ਦੀ ਚਰਚਾ ਸੀ ਪਰ ਅਫਵਾਹਾਂ ਉਪਰ ਯਕੀਨ ਨਹੀ ਕੀਤਾ ਜਾ ਸਕਦਾ। ਪੁਲਿਸ ਫੋਰਸ ਕਿਸੇ ਵੀ ਘਟਨਾ ਦੀ ਤਹਿ ਤੱਕ ਜਾਕੇ ਹੀ ਕੁਝ ਕਹਿਣ ਦੇ ਯੋਗ ਹੁੰਦੀ ਹੈ। ਉਹਨਾਂ ਦਾਅਵਾ ਕੀਤਾ ਕਿ ਲੋਅਰ ਮੇਨਲੈਂਡ ਵਿਚ ਉਹਨਾਂ ਪਾਸ ਕੇਵਲ ਤਿੰਨ ਘਟਨਾਵਾਂ ਦੀ ਹੀ ਪੁਸ਼ਟੀ ਹੋਈ ਹੈ। ਉਹਨਾਂ ਜ਼ੋਰ ਦੇਕੇ ਕਿਹਾ ਕਿ ਉਹ ਅੱਜ ਇਸ ਹਾਲ ਵਿਚ ਆਪਣੇ ਅਫਸਰਾਂ ਦੀ ਪੂਰੀ ਟੀਮ ਨਾਲ ਹਾਜ਼ਰ ਸਨ। ਉਹ ਹਾਲ ਵਿਚ ਬੈਠੇ ਸਭ ਲੋਕਾਂ ਨੂੰ ਸੱਦਾ ਦਿੰਦੇ ਹਨ ਕਿ ਅਗਰ ਕਿਸੇ ਨੂੰ ਵੀ ਅਜਿਹੀ ਜਬਰੀ ਵਸੂਲੀ ਦੀ ਕੋਈ ਧਮਕੀ ਮਿਲੀ ਹੈ, ਜਾਂ ਇਸ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਮੇਰੇ ਨਾਲ ਜਾਂ ਮੇਰੀ ਟੀਮ ਦੇ ਕਿਸੇ ਵੀ ਅਫਸਰ ਨਾਲ ਇਹ ਜਾਣਕਾਰੀ ਸਾਂਝੀ ਕਰ ਸਕਦੇ ਹਨ। ਉਹਨਾਂ ਦਾਅਵਾ ਕੀਤਾ ਕਿ ਉਹ ਲੋਕਾਂ ਨੂੰ ਠੋਸ ਨਤੀਜੇ ਦੇਣਗੇ। ਉਹਨਾਂ ਹੋਰ ਕਿਹਾ ਕਿ ਆਰ ਸੀ ਐਮ ਪੀ ਵਲੋਂ ਪਿਛਲੇ ਦਿਨੀਂ ਇਕ ਗੋਲੀਬਾਰੀ ਦੀ ਘਟਨਾ ਉਪਰੰਤ ਕਲੋਵਰਡੇਲ ਤੋਂ ਦੋ ਸ਼ੱਕੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਵਲੋਂ ਬਾਦ ਵਿਚ ਉਹਨਾਂ ਛੱਡ ਦਿੱਤਾ ਗਿਆ, ਇਸਦਾ ਲੋਕਾਂ ਵਿਚ ਕਾਫੀ ਵਿਰੋਧ ਵੇਖਣ ਨੂੰ ਮਿਲਿਆ ਕਿ ਸ਼ੱਕੀ ਵਿਅਕਤੀ ਛੱਡੇ ਕਿਉਂ ਗਏ। ਉਹਨਾਂ ਖੁਲਾਸਾ ਕੀਤਾ ਹੈ ਕਿ ਪੁਲਿਸ ਫੋਰਡ ਦਾ ਕੰਮ ਕਰਨ ਦਾ ਆਪਣਾ ਇਕ ਢੰਗ ਹੈ, ਉਹ ਇਸ ਕੇਸ ਵਿਚ ਲੋਕਾਂ ਨੂੰ ਠੋਸ ਨਤੀਜੇ ਲੈਕੇ ਸਾਹਮਣੇ ਆਉਣਗੇ। ਉਹਨਾਂ ਆਪਣੇ ਭਾਸ਼ਨ ਵਿਚ ਤਿੰਨ ਵਾਰ ਲੋਕਾਂ ਨੂੰ ਪੁਲਿਸ ਨਾਲ ਸਹਿਯੋਗ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਮੀਟਿੰਗ ਦੇ ਖਤਮ ਹੋਣ ਉਪਰੰਤ ਉਹ ਤੇ ਉਹਨਾਂ ਦੀ ਟੀਮ ਦੇ ਅਫਸਰ ਇਥੇ ਹੀ ਹਨ, ਅਗਰ ਕਿਸੇ ਕੋਲ ਕੋਈ ਜਾਣਕਾਰੀ ਹੈ ਤਾਂ ਸਾਡੇ ਨਾਲ ਸਾਂਝੀ ਕਰੋ। ਅਸੀ ਤੁਹਾਨੂੰ ਨਤੀਜੇ ਦੇਵਾਂਗੇ। ਇਸਤੋਂ ਪਹਿਲਾਂ ਬੀ ਸੀ ਸਰਕਾਰ ਦੀ ਤਰਫੋਂ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਸਰਕਾਰ ਲੋਅਰ ਮੇਨਲੈਂਡ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਗੰਭੀਰ ਹੈ। ਸਰਕਾਰ ਤੇ ਪੁਲਿਸ ਫੋਰਸ ਇਸ ਉਪਰ ਕੰਮ ਕਰ ਰਹੇ ਹਨ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀ ਕਿਸੇ ਵੀ ਘਟਨਾ ਦੇ ਸਬੰਧ ਵਿਚ ਪੁਲਿਸ ਫੋਰਸ ਨਾਲ ਤੁਰੰਤ ਸੰਪਰਕ ਕਰਨ, ਆਪਣੀ ਸ਼ਿਕਾਇਤ ਦਰਜ ਕਰਵਾਉਣ। ਲੋਕਾਂ ਨੂੰ ਪੂਰਾ ਇਨਸਾਫ ਮਿਲੇਗਾ। ਸਰੀ ਸੈਂਟਰ ਤੋਂ ਲਿਬਰਲ ਐਮ ਪੀ ਰਣਦੀਪ ਸਿੰਘ ਸਰਾਏ ਨੇ ਜਬਰੀ ਵਸੂਲੀ ਤੇ ਗੋਲੀਬਾਰੀ ਦੀਆਂ ਘਟਨਾਵਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਆਮ ਲੋਕਾਂ ਤੇ ਕਾਰੋਬਾਰੀਆਂ ਦੀ ਸੁਰੱਖਿਆ ਤੇ ਅਮਨ ਕਨੂੰਨ ਦੀ ਬੇਹਤਰ ਹਾਲਤ ਲਈ ਸਰਕਾਰ ਦੀ ਵੱਡੀ ਜਿੰਮੇਵਾਰੀ ਹੈ। ਫੈਡਰਲ ਸਰਕਾਰ ਇਹਨਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਉਹਨਾਂ ਇਮੀਗ੍ਰੇਸ਼ਨ ਨੀਤੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਇਹਨਾਂ ਘਟਨਾਵਾਂ ਨਾਲ ਜੋੜਕੇ ਵੇਖੇ ਜਾਣ ਨੂੰ ਗਲਤ ਕਰਾਰ ਦਿੱਤਾ। ਉਹਨਾਂ ਕਿਹਾ ਕਿ ਕੌਮਾਂਤਰੀ ਵਿਦਿਆਰਥੀ ਆਪਣੀ ਪੜਾਈ ਦੇ ਨਾਲ ਸਖਤ ਮਿਹਨਤ ਕਰਦਿਆਂ ਮੁਲਕ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਹਨ। ਉਹਨਾਂ ਦਾਅਵੇ ਨਾਲ ਕਿਹਾ ਕਿ ਕੌਮਾਂਤਰੀ ਵਿਦਿਆਰਥੀਆਂ ਵਿਚ 95 ਫੀਸਦੀ ਇਮਾਨਦਾਰ ਹਨ। ਕਿਸੇ ਇੱਕਾ ਦੁੱਕਾ ਘਟਨਾ ਨੂੰ ਸਮਾਜਿਕ ਅਪਰਾਧ ਨਾਲ ਜੋੜਕੇ ਵੇਖਣਾ ਗਲਤ ਹੈ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸੰਬੋਧਨ ਕਰਦਿਆਂ ਸ਼ਹਿਰ ਵਿਚ ਬਿਜਨੈਸ ਭਾਈਚਾਰੇ ਦੀ ਸੁਰੱਖਿਆ ਲਈ ਆਰ ਸੀ ਐਮ ਪੀ ਨੂੰ ਬੇਹਤਰ ਫੋਰਸ ਦੱਸਿਆ। ਇਸ ਮੌਕੇ ਵੈਦਿਕ ਹਿੰਦੂ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਨੇ ਕਮਿਊਨਿਟੀ ਮੀਟਿੰਗ ਵਿਚ ਪੁੱਜੇ ਕਾਰੋਬਾਰੀਆਂ, ਸਰਕਾਰ ਦੇ ਪ੍ਰਤੀਨਿਧਾਂ, ਐਮ ਐਲ ਏਜ, ਪੁਲਿਸ ਅਫਸਰਾਂ ਤੇ ਮੀਡੀਆ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਹੈਰੀ ਬੈਂਸ, ਰਾਜ ਮੰਤਰੀ ਜਗਰੂਪ ਬਰਾੜ, ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ, ਸਾਬਕਾ ਮੇਅਰ ਡੱਗ ਮੈਕੱਲਮ, ਐਮ ਐਲ ਏ ਬਰੂਸ ਬੈਨਮੈਨ, ਬੀਸੀ ਕੰਸਰਵੇਟਿਵ ਆਗੂ ਜੌਹਨ ਰਸਟਡ, ਕੌਂਸਲਰ ਮਨਦੀਪ ਨਾਗਰਾ, ਕੌਂਸਲਰ ਹੈਰੀ ਬੈਂਸ, ਯੂਨਾਈਟਡ ਬੀ ਸੀ ਦੀ ਆਗੂ ਪੁਨੀਤ ਸੰਧਰ, ਨਾਰਥ ਡੈਲਟਾ ਤੋਂ ਅੰਮ੍ਰਿਤ ਢੋਟ, ਜੇ ਮਿਨਹਾਸ, ਮਨਜੀਤ ਲਿੱਟ, ਅਜਾਇਬ ਗਿੱਲ, ਹਰਜੀਤ ਸਿੰਘ ਅਟਵਾਲ, ਅਨੂਪ ਸਿੰਘ ਲੁਡੂ, ਮਨੀ ਗੋਹਲਵੜ, ਜਤਿੰਦਰ ਸੰਧਰ, ਕੈਲ ਦੋਸਾਂਝ, ਡਾ ਜਸਵਿੰਦਰ ਦਿਲਾਵਰੀ, ਸਰੀ ਨਾਰਥ ਤੋਂ ਮਨਦੀਪ ਧਾਲੀਵਾਲ, ਕਲੋਵਰਡੇਲ ਤੋਂ ਜੋਡੀ ਤੂਰ , ਤੇਗ ਬੱਲ, ਗੁਲਜ਼ਾਰ ਸਿੰਘ ਬਿਲਿੰਗ, ਸੁਖਵਿੰਦਰ ਸਿੰਘ ਸਮਰਾ ਤੇ ਹੋਰ ਕਈ ਸਖਸੀਅਤਾਂ ਹਾਜ਼ਰ ਸਨ। ਮੰਚ ਸੰਚਾਲਕ ਦੀ ਜਿੰਮੇਵਾਰੀ ਵਿਨੈ ਸ਼ਰਮਾ ਨੇ ਨਿਭਾਈ।

# ਕੈਨੇਡਾ ’ਚ ਕੋਕੀਨ ਤਸਕਰੀ ਕਰਨ ਦੇ ਦੋਸ਼ ਹੇਠ ਪੰਜਾਬੀ ਮੂਲ ਦੇ ਟਰੱਕ ਚਾਲਕ ਖ਼ਿਲਾਫ਼ ਮੁਕੱਦਮਾ ਸ਼ੁਰੂ

ਟੋਰਾਂਟੋ-ਭਾਰਤੀ ਮੂਲ ਦੇ 35 ਸਾਲਾ ਟਰੱਕ ਡਰਾਈਵਰ ਨੂੰ ਕੈਨੇਡਾ ਵਿੱਚ 65 ਲੱਖ ਡਾਲਰ ਦੀ ਕੋਕੀਨ ਸਮਗਲ ਕਰਨ ਦੀ ਕੋਸ਼ਿਸ਼ ਕਰਦੇ ਹੋਏ ਅਧਿਕਾਰੀਆਂ ਵੱਲੋਂ ਫੜੇ ਜਾਣ ਤੋਂ ਬਾਅਦ ਚਾਰਜਸ਼ੀਟ ਕੀਤਾ ਗਿਆ ਹੈ। ਸੁਖਵਿੰਦਰ ਧੰਜੂ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐੱਸਏ) ਨੇ ਪਿਛਲੇ ਸਾਲ 26 ਸਤੰਬਰ ਨੂੰ ਓਨਟਾਰੀਓ ਸੂਬੇ ਦੇ ਨਿਆਗਰਾ-ਆਨ-ਦਿ-ਲੇਕ ‘ਚ ਕੁਈਨਸਟਨ-ਲੇਵਿਸਟਨ ਬ੍ਰਿਜ ਬੰਦਰਗਾਹ ‘ਤੇ ਗ੍ਰਿਫਤਾਰ ਕੀਤਾ ਸੀ। ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਨੇ ਅੱਜ ਜਾਰੀ ਬਿਆਨ ਵਿੱਚ ਕਿਹਾ ਕਿ ਟਰੱਕ ਦੀ ਜਾਂਚ ਮਗਰੋਂ ਉਸ ਵਿਚੋਂ 202 ਇੱਟਾਂ ਦੇ ਆਕਾਰ ਦੀਆਂ ਵਸਤੂਆਂ ਮਿਲੀਆਂ, ਜੋ ਕੋਕੀਨ ਨਿਕਲੀ। ਇਸ ਦਾ ਕੁੱਲ ਭਾਰ 233 ਕਿਲੋਗ੍ਰਾਮ ਸੀ। ਧੰਜੂ ਨੂੰ ਫਿਰ ਸੀਬੀਐਸਏ ਨੇ ਗ੍ਰਿਫਤਾਰ ਕੀਤਾ ਸੀ। ਪਿਛਲੇ ਸਾਲ 19 ਦਸੰਬਰ ਨੂੰ ਬਰੈਂਪਟਨ ਨਿਵਾਸੀ ਧੰਜੂ ‘ਤੇ ਕੋਕੀਨ ਦੀ ਤਸਕਰੀ ਕਰਨ ਦਾ ਦੋਸ਼ ਲਗਾਇਆ ਸੀ। ਧੰਜੂ ਨੂੰ ਸਖ਼ਤ ਸ਼ਰਤਾਂ ਨਾਲ ਰਿਹਾਅ ਕੀਤਾ ਗਿਆ ਅਤੇ ਉਸ ਦੀ ਅਗਲੀ ਅਦਾਲਤ ਦੀ ਤਰੀਕ 2 ਫਰਵਰੀ ਨੂੰ ਓਨਟਾਰੀਓ ਦੇ ਸੇਂਟ ਕੈਥਰੀਨਜ਼ ਵਿਖੇ ਤੈਅ ਕੀਤੀ ਗਈ ਹੈ। ਪਿਛਲੇ ਮਹੀਨੇ ਓਨਟਾਰੀਓ ਵਿੱਚ ਅਧਿਕਾਰੀਆਂ ਵੱਲੋਂ 100 ਪੌਂਡ ਤੋਂ ਵੱਧ ਕੋਕੀਨ ਜ਼ਬਤ ਕਰਨ ਤੋਂ ਬਾਅਦ ਭਾਰਤੀ ਮੂਲ ਦੇ ਟਰੱਕ ਡਰਾਈਵਰ ਨੂੰ ਕਾਬੂ ਕੀਤਾ ਸੀ। ਮਨਪ੍ਰੀਤ ਸਿੰਘ (27) ਨੂੰ ਆਰਸੀਐਮਪੀ ਦੇ ਅਧਿਕਾਰੀਆਂ ਨੇ ਹਿਰਾਸਤ ਵਿੱਚ ਲੈ ਲਿਆ ਅਤੇ ਉਸ ਉੱਤੇ ਰਸਮੀ ਤੌਰ ‘ਤੇ ਕੋਕੀਨ ਦੀ ਦਰਾਮਦ ਅਤੇ ਤਸਕਰੀ ਦੇ ਉਦੇਸ਼ ਲਈ ਕੋਕੀਨ ਰੱਖਣ ਦਾ ਦੋਸ਼ ਲਗਾਇਆ ਗਿਆ। ਧੰਜੂ ਅਤੇ ਮਨਪ੍ਰੀਤ ਸਿੰਘ ਦੋਵੇਂ ਬਰੈਂਪਟਨ ਸ਼ਹਿਰ ਦੇ ਵਸਨੀਕ ਹਨ। ਦਸੰਬਰ 2023 ਵਿੱਚ ਬਜ਼ੁਰਗ ਸਿੱਖ ਟਰੱਕ ਡਰਾਈਵਰ ਵਿਰੁੱਧ ਕੈਨੇਡਾ-ਵਿਆਪੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ, ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ 15 ਸਾਲ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਭਾਰਤ ਭੱਜ ਗਿਆ ਸੀ। ਸਰੀ ਦੇ ਰਹਿਣ ਵਾਲੇ ਰਾਜ ਕੁਮਾਰ ਮਹਿਮੀ ਨੂੰ ਪਿਛਲੇ ਸਾਲ ਨਵੰਬਰ ਵਿੱਚ ਕੈਨੇਡਾ-ਅਮਰੀਕਾ ਪੈਸੀਫਿਕ ਹਾਈਵੇਅ ਬਾਰਡਰ ਕ੍ਰਾਸਿੰਗ ਰਾਹੀਂ ਬ੍ਰਿਟਿਸ਼ ਕੋਲੰਬੀਆ ਵਿੱਚ 80 ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕਰਨ ਲਈ ਸਜ਼ਾ ਸੁਣਾਈ ਗਈ ਸੀ।






# ਅਮਰੀਕੀ ਜੱਜ ਨੇ ਪੰਨੂ ਮਾਮਲੇ ’ਚ ਸਬੂਤ ਦੇਣ ਦੀ ਨਿਖਿਲ ਗੁਪਤਾ ਦੀ ਅਪੀਲ ਰੱਦ ਕੀਤੀ

ਨਿਊਯਾਰਕ-ਅਮਰੀਕਾ ਦੀ ਧਰਤੀ ‘ਤੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜਿਸ਼ ਰਚਣ ਦੇ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਸਬੂਤ ਮੁਹੱਈਆ ਕਰਵਾਉਣ ਦੀ ਬੇਨਤੀ ਨੂੰ ਅਮਰੀਕੀ ਜੱਜ ਨੇ ਰੱਦ ਕਰ ਦਿੱਤਾ ਹੈ। ਅਮਰੀਕਾ ਦੇ ਜ਼ਿਲ੍ਹਾ ਜੱਜ ਵਿਕਟਰ ਮੈਰੇਰੋ ਨੇ ਅੱਜ ਆਦੇਸ਼ ਵਿੱਚ ਗੁਪਤਾ ਦੇ ਵਕੀਲ ਦੀ ਇਸ ਕੇਸ ਵਿੱਚ ਸਬੂਤ ਪ੍ਰਦਾਨ ਕਰਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ। 52 ਸਾਲਾ ਗੁਪਤਾ ‘ਤੇ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿਚ ਅਮਰੀਕਾ ਦੀ ਧਰਤੀ ‘ਤੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਵਿਚ ਭਾਰਤ ਸਰਕਾਰ ਦੇ ਕਰਮਚਾਰੀ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਸੀ।

# ਭਾਰਤ ਨੇ ਆਕਾਸ਼ ਮਿਜ਼ਾਈਲ ਦੀ ਸਫ਼ਲ ਪਰਖ ਕੀਤੀ

ਬਾਲਾਸੋਰ-ਭਾਰਤ ਨੇ ਉੜੀਸਾ ਤੱਟ ਚਾਂਦੀਪੁਰ ਤੋਂ ਨਵੀਂ ਪੀੜ੍ਹੀ ਦੀ ਆਕਾਸ਼ ਮਿਜ਼ਾਈਲ ਦਾ ਸਫ਼ਲਤਾਪੂਰਵਕ ਪਰੀਖਣ ਕੀਤਾ।ਸੂਤਰਾਂ ਨੇ ਕਿਹਾ ਕਿ ਇਹ ਪ੍ਰੀਖਣ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਵੱਲੋਂ ਬਹੁਤ ਘੱਟ ਉਚਾਈ ‘ਤੇ ਉੱਚ ਰਫਤਾਰ ਵਾਲੇ ਮਾਨਵ ਰਹਿਤ ਹਵਾਈ ਟੀਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਕੀਤਾ ਗਿਆ। ਹਥਿਆਰ ਪ੍ਰਣਾਲੀ ਨੇ ਪ੍ਰੀਖਣ ਦੌਰਾਨ ਟੀਚੇ ਨੂੰ ਸਫਲਤਾਪੂਰਵਕ ਰੋਕਿਆ ਅਤੇ ਨਸ਼ਟ ਕਰ ਦਿੱਤਾ।

# ਭਗਵਾਨ ਰਾਮ ਦੇ ਦਰਸ਼ਨ ਲਈ ਵਿਚੋਲੇ ਦੀ ਲੋੜ ਨਹੀਂ, 22 ਦਾ ਸਮਾਗਮ ਸਿਆਸੀ-ਕਾਂਗਰਸ

ਨਵੀਂ ਦਿੱਲੀ-ਕਾਂਗਰਸ ਨੇ ਅੱਜ ਦਾਅਵਾ ਕੀਤਾ ਕਿ ਅਯੁੱਧਿਆ ਵਿਚ 22 ਜਨਵਰੀ ਨੂੰ ਹੋਣ ਵਾਲਾ ਰਾਮ ਮੰਦਰ ਸਮਾਗਮ ਧਾਰਮਿਕ ਨਹੀਂ ਸਗੋਂ ਪੂਰੀ ਤਰ੍ਹਾਂ ਨਾਲ ਸਿਆਸੀ ਹੈ ਕਿਉਂਕਿ ਇਹ ਰੀਤੀ ਰਿਵਾਜ਼ ਤੇ ਚਾਰ ਪੀਠਾਂ ਦੇ ਸ਼ੰਕਰਾਚਾਰਿਆ ਦੀ ਨਿਗਰਾਨੀ ਵਿਚ ਨਹੀਂ ਹੋ ਰਿਹਾ ਹੈ। ਪਾਰਟੀ ਦੇ ਮੀਡੀਆ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਭਾਰਤੀ ਜਨਤਾ ਪਾਰਟੀ ‘ਤੇ ਮੋੜਵਾਂ ਵਾਰ ਕਰਦੇ ਹੋਏ ਇਹ ਵੀ ਕਿਹਾ ਕਿ ਭਗਵਾਨ ਰਾਮ ਦੇ ਦਰਸ਼ਨਾਂ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਸਮਾਗਮ ਲਈ 22 ਜਨਵਰੀ ਦੀ ਤਰੀਕ ਚੁਣੀ ਗਈ ਹੈ। ਕਾਂਗਰਸ ਆਗੂ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਾਰਟੀ ਅੰਦਰ ਹਰ ਕੋਈ ਆਪਣੇ ਵਿਸ਼ਵਾਸ ਦੀ ਪਾਲਣਾ ਕਰਨ ਲਈ ਆਜ਼ਾਦ ਹੈ ਅਤੇ ਪਾਰਟੀ ਦੇ ਵੱਡੇ ਆਗੂਆਂ ਨੇ ਸਿਰਫ਼ 22 ਜਨਵਰੀ ਦੇ ਸਮਾਗਮ ਲਈ ਮਿਲੇ ਸੱਦੇ ਤੋਂ ਇਨਕਾਰ ਕੀਤਾ ਹੈ।


# ਅਪਮਾਨਿਤ ਡਾਕਟਰ ਨੂੰ ਮਰੀਜ਼ਾਂ ’ਤੇ ਜਿਣਸੀ ਹਮਲਿਆਂ ਲਈ ਫਿਰ ਤਿੰਨ ਸਾਲ ਦੀ ਸਜ਼ਾ

ਕੈਲਗਰੀ-ਇਥੋਂ ਦੇ ਇਕ ਬੇਇਜ਼ਤ ਨਿਊਰੋਲੋਜਿਸਟ (ਦਿਮਾਗ ਦੇ ਰੋਗਾਂ ਦਾ ਮਾਹਿਰ) ਡਾਕਟਰ ਨੂੰ ਤਿੰਨ ਦਹਾਕਿਆਂ ਦੇ ਸਮੇਂ ਦੌਰਾਨ ਦਰਜਨਾਂ ਮਰੀਜ਼ਾਂ ’ਤੇ ਜਿਣਸੀ ਹਮਲੇ ਕਰਨ ਬਦਲੇ ਤਿੰਨ ਸਾਲ ਦੀ ਮੁੜ ਤੋਂ ਸਜ਼ਾ ਸੁਣਾਈ ਗਈ ਹੈ। ਕੀਥ ਹੋਇਟ ਨੇ ਪਿਛਲੇ ਸਾਲ 2013 ਵਿਚ ਸੇਵਾਮੁਕਤ ਹੋਣ ਤੋਂ ਪਹਿਲਾਂ 36 ਸਾਲ ਦੇ ਸਮੇਂ ਦੌਰਾਨ 25 ਔਰਤਾਂ ਅਤੇ ਦੋ ਕਿਸ਼ੋਰ ਲੜਕੀਆਂ ’ਤੇ ਹਮਲੇ ਕਰਨ ਦਾ ਕਸੂਰ ਸਵੀਕਾਰ ਕੀਤਾ ਹੈ। 2020 ਵਿਚ 75 ਸਾਲਾ ਹੋਇਟ ਨੇ 28 ਹੋਰ ਔਰਤਾਂ ’ਤੇ ਹਮਲੇ ਕਰਨ ਦਾ ਦੋਸ਼ ਸਵੀਕਾਰ ਕਰ ਲਿਆ ਸੀ ਅਤੇ ਉਸ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਸੀ ਜਿਸ ਤੋਂ ਪਿੱਛੋਂ ਉਸ ਨੂੰ ਹਿਰਾਸਤ ਤੋਂ ਰਿਲੀਜ਼ ਕਰ ਦਿੱਤਾ ਸੀ। ਹੋਇਟ ਨੇ ਸਵੀਕਾਰ ਕੀਤਾ ਕਿ ਉਸ ਨੇ 1983 ਤੋਂ ਸੇਵਾ ਮੁਕਤ ਹੋਣ ਤਕ 16 ਤੋਂ 46 ਸਾਲ ਦੀਆਂ ਦਰਜਨਾਂ ਔਰਤ ਮਰੀਜ਼ਾਂ ਦੇ ਜਿਣਸੀ ਅੰਗਾਂ ਨੂੰ ਛੂਹਿਆ ਸੀ ਪਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਸ ਨੇ ਅਜਿਹਾ ਜਿਣਸੀ ਸੰਤੁਸ਼ਟੀ ਲਈ ਕੀਤਾ ਸੀ। ਇਕ ਸਹਿਮਤੀ ਵਾਲਾ ਬਿਆਨ ਕਹਿੰਦਾ ਕਿ ਉਸ ਨੇ ਮਰੀਜ਼ਾਂ ਨੂੰ ਕੱਪੜੇ ਉਤਾਰਨ ਲਈ ਕਿਹਾ ਭਾਵੇਂ ਉਹ ਮਾਈਗ੍ਰੇਨ, ਦੌਰੇ, ਸਟ੍ਰੋਕ ਅਤੇ ਮਲਟੀਮਲ ਸਕਲੇਰੋਸਿਸ ਵਰਗੇ ਦਿਮਾਗੀ ਮੁੱਦਿਆਂ ਦੇ ਇਲਾਜ ਕਰ ਰਹੇ ਸਨ। ਹੋਇਟ ਨੇ ਸਜ਼ਾ ਸੁਣਾਏ ਦੌਰਾਨ ਆਪਣੇ ਪੀੜਤਾਂ ਨੂੰ ਸੰਬੋਧਨ ਕੀਤਾ। ਅਕਤੂਬਰ ਵਿਚ ਸਜ਼ਾ ਸਬੰਧੀ ਦਲੀਲਾਂ ਦੌਰਾਨ ਉਸ ਨੇ ਅਦਾਲਤ ਨੂੰ ਦੱਸਿਆ ਕਿ ਜਿਥੋਂ ਤਕ ਹੋ ਸਕੇ ਉਹ ਮੁਆਫੀ ਨਹੀਂ ਮੰਗੇਗਾ ਕਿਉਂਕਿ ਜੋ ਕੁਝ ਉਸ ਨੇ ਕੀਤਾ ਉਸ ਲਈ ਕੋਈ ਮੁਆਫੀ ਨਹੀਂ। ਮੈਂ ਬਹੁਤ ਸ਼ਰਮਿੰਦਾ ਹਾਂ।



# 80 ਸਾਲਾ ਬਜ਼ੁਰਗ ਰੋਡ ਰੇਜ ਹਮਲੇ ਵਿਚ ਜ਼ਖ਼ਮੀ-ਹਸਪਤਾਲ ਦਾਖਲ

ਐਡਮਿੰਟਨ-ਅਲਬਰਟਾ ਵਿਚ ਆਰਸੀਐਮਪੀ ਨੇ ਦੱਸਿਆ ਕਿ ਇਕ ਹਮਲੇ ਪਿੱਛੋਂ 80 ਸਾਲਾ ਵਿਅਕਤੀ ਨੂੰ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਹ




ਹਮਲਾ ਰੋਡ ਰੇਜ (ਸੜਕ ’ਤੇ ਹੋਇਆ ਝਗੜਾ) ਦਾ ਨਤੀਜਾ ਸੀ। ਪੁਲਿਸ ਮੁਤਾਬਿਕ 56 ਸਾਲਾ ਵਿਅਕਤੀ ਨੇ ਕੈਲਗਰੀ ਦੇ ਉੱਤਰ ਪੂਰਬ ਵਿਚ ਬੀਸੇਕਰ ਵਿਚ ਪੁਲਿਸ ਦੀ ਡਿਟੈਚਮੈਂਟ ਵਿਚ ਜਾ ਕੇ ਦੱਸਿਆ ਕਿ ਉਸ ਦੀ ਗੈਸ ਸਟੇਸ਼ਨ ’ਤੇ ਇਕ ਹੋਰ ਵਿਅਕਤੀ ਨਾਲ ਲੜਾਈ ਹੋ ਗਈ ਅਤੇ ਉਹ ਸ਼ਾਇਦ ਜ਼ਖ਼ਮੀ ਹੋ ਗਿਆ ਹੈ। ਅਧਿਕਾਰੀ ਜਦੋਂ ਗੈਸ ਸਟੇਸ਼ਨ ’ਤੇ ਪੁੱਜੇ ਤਾਂ ਉਥੇ ਉਨ੍ਹਾਂ ਨੇ 80 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲਿਆ ਜਿਸ ਨੂੰ ਸਟਾਰਸਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਹਾਲਤ ਸਥਿਰ ਬਣੀ ਹੋਈ ਹੈ। ਪੁਲਿਸ ਦੀ ਜਾਂਚ ਇਹ ਸੰਕੇਤ ਦਿੰਦੀ ਹੈ ਕਿ ਕਥਿਤ ਹਮਲਾ ਰੋਡ ਰੇਜ ਦੁਰਘਟਨਾ ਕਾਰਨ ਕੀਤਾ ਗਿਆ ਜਿਹੜੀ ਹਾਈਵੇਅ ’ਤੇ ਹੋਈ ਸੀ। ਪੁਲਿਸ ਨੇ ਦੋਸ਼ ਲਗਾਇਆ ਕਿ ਇਸ ਵਿਅਕਤੀ ਨੇ ਬਜ਼ੁਰਗ ਵਿਅਕਤੀ ਦੀ ਮੋਟਰ ਗੱਡੀ ਦੀ ਤਾਕੀ ਤੋੜ ਦਿੱਤੀ ਅਤੇ ਹਮਲੇ ਪਿੱਛੋਂ ਉਸ ਦੀ ਕਾਰ ਦੀਆਂ ਚਾਬੀਆਂ ਕੱਢ ਲਈਆਂ। ਡ੍ਰਮਹੇਲਰ ਦੇ ਰਹਿਣ ਵਾਲੇ 56 ਸਾਲਾ ਵਿਅਕਤੀ ’ਤੇ ਕਈ ਦੋਸ਼ ਲਗਾਏ ਗਏ ਹਨ ਅਤੇ ਉਹ ਇਕ ਫਰਵਰੀ ਨੂੰ ਅਦਾਲਤ ਵਿਚ ਆਪਣੀ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ।

# ਸਰਵੇਖਣ ਵਿਚ 46 ਫ਼ੀਸਦੀ ਸਰੀ ਵਾਸੀ ਆਰਸੀਐਮਪੀ ਨੂੰ ਕਾਇਮ ਰੱਖਣ ਦੇ ਹੱਕ ’ਚ

ਸਫ਼ਾ 1 ਦੀ ਬਾਕੀ

ਨੇ ਕਿਹਾ ਕਿ ਇਹ ਵਿਆਪਕ ਸਰਵੇਖਣ ਇਹ ਸਪਸ਼ਟ ਕਰਦਾ ਹੈ ਕਿ ਸਰੀ ਦੇ ਬਹੁਤੇ ਨਾਗਰਿਕ ਪੁਲਿਸ ਟਰਾਂਜ਼ੀਸ਼ਨ ਦਾ ਭਾਰ ਸਹਿਣਾ ਨਹੀਂ ਚਾਹੁੰਦੇ ਅਤੇ ਆਰਸੀਐਮਪੀ ਨੂੰ ਕਾਇਮ ਰੱਖਣ ਨੂੰ ਤਰਜੀਹ ਦੇ ਰਹੇ ਹਨ। ਐਨਿਸ ਜਿਹੜੀ ਸਰੀ ਪੁਲਿਸ ਸਰਵਿਸ ਦੀ ਟਰਾਂਜ਼ੀਸ਼ਨ ਰੋਕਣ ਦੇ ਖਿਲਾਫ ਹੈ, ਸ਼ਹਿਰ ਵਲੋਂ ਤਬਦੀਲੀ ਰੋਕਣ ਲਈ ਕਰਦਾਤਾਵਾਂ ਦੇ ਸ਼ਹਿਰ ਵਲੋਂ ਖਰਚ ਕੀਤੇ ਪੈਸਿਆਂ ਦੀ ਆਲੋਚਕ ਹੈ। ਨਵਾਂ ਲੇਜਰ ਪੋਲ ਸ਼ਹਿਰ ਵਲੋਂ ਬੀਸੀ ਦੀ ਐਨਡੀਪੀ ਸਰਕਾਰ ਦੇ ਹੁਕਮ ਦਾ ਵਿਰੋਧ ਕਰਨ ਲਈ ਸ਼ਹਿਰ ਵਲੋਂ ਚਲਾਈ ਪੰਜ ਲੱਖ ਡਾਲਰ ਦੀ ਇਸ਼ਤਿਹਾਰੀ ਮੁਹਿੰਮ ਦਾ ਤਾਜ਼ਾ ਦੌਰ ਹੈ।

# ਨੀਤੀ ਮਾਹਿਰ ਪੰਡਿਤ ਸੁਪ੍ਰਿਆ ਦਿਵੇਦੀ ਪ੍ਰਧਾਨ ਮੰਤਰੀ ਦਫ਼ਤਰ ਦੀ ਟੀਮ ਵਿਚ ਸ਼ਾਮਿਲ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਨ੍ਹਾਂ ਐਲਾਨਾਂ ਕਿ ਉਹ ਅਗਲੀਆਂ ਚੋਣਾਂ ਵਿਚ ਲਿਬਰਲਜ਼ ਦੀ ਅਗਵਾਈ ਕਰ ਰਹੇ ਹਨ ਦਰਮਿਆਨ ਉਨ੍ਹਾਂ ਦੇ ਦਫ਼ਤਰ ਨੇ ਐਲਾਨ ਕੀਤਾ ਕਿ ਇਕ ਪ੍ਰਮੁੱਖ ਮੀਡੀਆ ਟਿੱਪਣੀਕਾਰ ਨੂੰ ਸੀਨੀਅਰ ਸਲਾਹਕਾਰ ਵਜੋਂ ਉਨ੍ਹਾਂ ਦੀ ਟੀਮ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਟਰੂਡੋ ਦੀ ਟੀਮ ਵਲੋਂ ਸੰਚਾਰ ਦੇ ਨਵੇਂ ਐਗਜ਼ੀਕਿਊਟਿਵ ਡਾਇਰੈਕਟਰ ਨੂੰ ਲਿਆਉਣ ਤੋਂ ਕਈ ਹਫ਼ਤੇ ਪਿੱਛੋਂ ਸੁਪ੍ਰਿਆ ਦਿਵੇਦੀ ਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਸ਼ਾਮਿਲ ਕੀਤਾ ਹੈ। ਟਰੂਡੋ ਦਫ਼ਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਦਿਵੇਦੀ ਆਪਣਾ ਕੰਮ 15 ਜਨਵਰੀ ਤੋਂ ਸ਼ੁਰੂ ਕਰੇਗੀ ਅਤੇ ਦਫ਼ਤਰ ਬੁਲਾਰਨ ਐਨ-ਕਲਾਰਾ ਵਿਲੀਅਨਕੋਰਟ ਵਲੋਂ ਮਹੱਈਆ ਕੀਤੇ ਸਟਾਫ ਮੀਮੋ ਵਿਚ ਕਿਹਾ ਕਿ ਦਿਵੇਦੀ ਪੀਐਮਓ ਲਈ ਸਾਇੰਸ ਤੇ ਕਾਨੂੰਨੀ ਪਿਛੋਕੜ ਸਮੇਤ ਪੇਸ਼ੇਵਰ ਤਜਰਬੇ ਪੇਸ਼ ਕਰੇਗੀ। ਸਾਬਕਾ ਰੇਡੀਓ-ਟਾਕ ਸ਼ੋਅ ਮੇਜ਼ਬਾਨ ਦਿਵੇਦੀ ਸੀਬੀਸੀ ਦੇ ਪਾਵਰ ਐਂਡ ਪਾਲਿਟਿਕਸ, ਸੀਟੀਵੀ ’ਤੇ ਪ੍ਰੋਗਰਾਮ ਪੇਸ਼ ਕਰਦੀ ਰਹੀ ਹੈ ਅਤੇ ਦੀ ਗਲੋਬ ਐਂਡ ਮੇਲ, ਦੀ ਵਾਸ਼ਿੰਗਟਨ ਪੋਸਟ ਅਤੇ ਟੋਰਾਂਟੋ ਸਟਾਰ ਵਿਚ ਕਾਲਮ ਲਿਖਦੀ ਰਹੀ ਹੈ।

# ਸਰੀ 95 ਮਿਲੀਅਨ ਡਾਲਰ ਦੇ ਫੰਡ ਨਾਲ 2800 ਘਰਾਂ ਦੀ ਫਾਸਟ-ਟਰੈਕ ਉਸਾਰੀ ਕਰੇਗਾ

ਸਫ਼ਾ 1 ਦੀ ਬਾਕੀ

ਦੂਰ ਕਰਨਾ ਸ਼ਾਮਿਲ ਹੈ। ਘਰ, ਬੁਨਿਆਦੀ ਢਾਂਚਾ ਅਤੇ ਕਮਿਊਨਿਟੀਜ਼ ਸਬੰਧੀ ਮੰਤਰੀ ਸ਼ੌਨ ਫ੍ਰੇਜ਼ਰ ਨੇ ਕਿਹਾ ਕਿ ਫੈਡਰਲ ਸਰਕਾਰ ਹੇਠਲੇ ਪੱਧਰਾਂ ਨਾਲ ਕੰਮ ਕਰਨ ਦਾ ਵਾਅਦਾ ਕਰਦੀ ਹੈ ਤਾਂ ਜੋ ਕੈਨੇਡੀਅਨਾਂ ਲਈ ਉਨ੍ਹਾਂ ਦੀ ਸਮਰੱਥਾਂ ਮੁਤਾਬਿਕ ਹੋਰ ਘਰ ਬਣਾਏ ਜਾ ਸਕਣ। ਸਰੀ ਸੈਂਟਰ ਤੋਂ ਐਮਪੀ ਰਣਦੀਪ ਸਰਾਏ ਨੇ ਇਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਅਸੀਂ ਮਕਾਨ ਸੰਕਟ ਵਿਚੋਂ ਲੰਘ ਰਹੇ ਹਾਂ ਅਤੇ ਇਸ ਚੁਣੌਤੀ ਨੂੰ ਹੱਲ ਕਰਨ ਦਾ ਇਕੋ ਇਕ ਤਰੀਕੇ ਮਿਊਂਸਪਲਟੀਜ਼ ਨਾਲ ਮਿਲ ਕੇ ਅਤੇ ਸਿੱਧੇ ਤੌਰ ’ਤੇ ਕੰਮ ਕੀਤਾ ਜਾਵੇ ਜਿਨ੍ਹਾਂ ਨੂੰ ਆਪਣੀਆਂ ਕਮਿਊਨਿਟੀਜ਼ ਦੀਆਂ ਅਸਲ ਲੋੜਾਂ ਦਾ ਪਤਾ ਹੈ। ਸਰੀ ਦੀ ਹਾਊਸਿੰਗ ਕਾਰਜ ਯੋਜਨਾ ਉੱਚ ਘਣਤਾ, ਬਹੁ-ਯੂਨਿਟ ਹਾਊਸਿੰਗ ਪ੍ਰਾਜੈਕਟਾਂ ਦੇ ਤੇਜ਼ੀ ਨਾਲ ਵਿਕਾਸ ਦੀ ਇਜਾਜ਼ਤ ਦਿੰਦੀ ਹੈ। ਸਰੀ ਦੀ ਮੇਅਰ ਬਰੈਂਡਾ ਲੌਕ ਦਾ ਕਹਿਣਾ ਕਿ ਸ਼ਹਿਰ ਐਚਏਐਫ ਰਾਹੀਂ 95.6 ਮਿਲੀਅਨ ਡਾਲਰ ਦੇਣ ਲਈ ਕੈਨੇਡਾ ਸਰਕਾਰ ਦਾ ਧੰਨਵਾਦੀ ਹੈ। ਸ਼ਹਿਰ ਹਾਊਸਿੰਗ ਸਪਲਾਈ ਵਧਾਉਣ ਲਈ ਕਈ ਪਹਿਲ ਕਦਮੀਆਂ ’ਤੇ ਕੰਮ ਕਰ ਰਿਹਾ ਹੈ ਜਿਸ ਵਿਚ ਮਾਰਕੀਟ ਦਰਾਂ ਤੋਂ ਹੇਠਾਂ ਅਤੇ ਕਿਫਾਇਤੀ ਰੈਂਟਲ ਹਾਊਸਿੰਗ ਪ੍ਰਾਜੈਕਟਾਂ ਦੀ ਸਹਾਇਤਾ ਕਰਨਾ ਸ਼ਾਮਿਲ ਹੈ।






# ਕੌਣ ਨੇ ਇਹ ਅੱਲੜ ਉਮਰ ਦੇ ਗੈਂਗਸਟਰ...?


## ਕੈਨੇਡਾ ਵਿਚ ਜਬਰੀ ਵਸੂਲੀ, ਗੋਲੀਬਾਰੀ ਤੇ ਅ.ਗਜਨੀ ਦੀਆਂ ਵਾਰਦਾਤਾਂ...

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਵਿਚ ਜਿਥੇ ਇਕ ਪਾਸੇ ਮਹਿਗਾਈ ਤੇ ਆਰਥਿਕ ਮੰਦੀ ਕਾਰਣ ਆਮ ਲੋਕਾਂ ਦਾ ਜਿਊਣਾ ਦੁਸ਼ਵਾਰ ਹੋਇਆ ਪਿਆ ਹੈ, ਉਥੇ ਕਾਰੋਬਾਰੀ ਲੋਕਾਂ ਨੂੰ ਜਬਰੀ ਵਸੂਲੀ, ਧਮਕੀਆਂ, ਗੋਲੀਬਾਰੀ ਤੇ ਅਗਜ਼ਨੀ ਦੀਆਂ ਘਟਨਾਵਾਂ ਨੇ ਸਹਿਮ ਦੇ ਛਾਏ ਹੇਠ ਜਿਉਣ ਲਈ ਮਜਬੂਰ ਕਰ ਛੱਡਿਆ ਹੈ। ਆਮ ਲੋਕਾਂ ਨੂੰ ਮਹਿਗਾਈ ਤੇ ਹੋਰ ਆਰਥਿਕ ਤੰਗੀਆਂ ਤੋ ਰਾਹਤ ਦਿਵਾਉਣ ਵਿਚ ਸਰਕਾਰ ਦੀ ਅਸਫਲਤਾ ਵਾਂਗ ਸੁਰੱਖਿਆ ਏਜੰਸੀਆਂ ਕਾਰੋਬਾਰੀਆਂ ਨੂੰ ਉਹਨਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਜਾਮਨੀ ਦੇਣ ਤੋਂ ਅਸਮਰਥ ਦਿਖਾਈ ਦੇ ਰਹੀਆਂ ਹਨ। ਜਬਰੀ ਵਸੂਲੀ ਲਈ ਧਮਕੀਆਂ ਤੇ ਗੋਲੀਬਾਰੀ ਦੀਆਂ ਘਟਨਾਵਾਂ ਦਾ ਸਿਲਸਿਲਾ ਬੀ ਸੀ ਤੇ ਓਨਟਾਰੀਓ ਦੇ ਮੈਟਰੋ ਸ਼ਹਿਰਾਂ ਤੋਂ ਅੱਗੇ ਅਲਬਰਟਾ ਦੇ ਹੋਰ ਨਿੱਕੇ ਸ਼ਹਿਰਾਂ ਤੱਕ ਫੈਲ ਜਾਣ ਉਪਰੰਤ ਕਾਰੋਬਾਰੀਆਂ ਵਿਚ ਡਰ ਤੇ ਭੈਅ ਦਾ ਮਾਹੌਲ ਸਪੱਸ਼ਟ ਹੈ। ਪਿਛਲੇ ਦਿਨੀਂ ਬਰੈਂਪਟਨ ਵਿਚ ਇਕ ਕਾਰੋਬਾਰੀ ਉਪਰ ਗੋਲੀਆਂ ਚਲਾਉਣ ਅਤੇ ਸਰੀ ਦੇ ਗਿਲਫੋਰਡ ਏਰੀਏ ਵਿਚ ਗੋਲੀਬਾਰੀ ਕਰਨ ਵਾਲੇ ਗੈਂਗਸਟਰਾਂ ਨੂੰ ਪੁਲਿਸ ਵਲੋਂ ਗ੍ਰਿਫਤਾਰ ਕਰ ਲਏ ਜਾਣ ਦੀ ਖਬਰ ਨੇ ਜਿਥੇ ਕੁਝ ਰਾਹਤ ਪ੍ਰਦਾਨ ਕੀਤੀ ਉਥੇ ਗੈਂਗਸਟਰਾਂ ਨੂੰ ਮੁਢਲੀ ਜਾਂਚ ਪੜਤਾਲ ਉਪਰੰਤ ਰਿਹਾਅ ਕਰ ਦਿੱਤੇ ਜਾਣ ਦੀ ਖਬਰ ਨੇ ਨਿਰਾਸ਼ਾ ਵਾਲਾ ਮਾਹੌਲ ਬਣਾ ਦਿੱਤਾ।

ਜਾਂਚ ਏਜੰਸੀਆਂ ਦਾ ਦਾਅਵਾ ਹੈ ਕਿ ਉਹ ਇਹਨਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ ਪਰ ਨਰਮ ਕਨੂੰਨਾਂ ਦੇ ਦਾਇਰੇ ਵਿਚ ਬੱਝੇ ਹੋਣ ਕਾਰਣ ਜਾਂਚ ਪੜਤਾਲ ਵਿਚ ਦੇਰੀ ਕਾਰਵਾਈ ਦਾ ਹਿੱਸਾ ਹੈ। ਪਿਛਲੇ ਦਿਨੀਂ ਬੀਸੀ ਦੇ ਅਟਾਰਨੀ ਜਰਨਲ ਤੇ ਜਨਤਕ ਸੁਰੱਖਿਆ ਮੰਤਰੀ ਨੇ ਇਕ ਬਾਕਾਇਦਾ ਬਿਆਨ ਰਾਹੀਂ ਇਹਨਾਂ ਘਟਨਾਵਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਕਾਰੋਬਾਰੀਆਂ ਨੂੰ ਅਜਿਹੀ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਦਿਆਂ ਤੁਰੰਤ ਪੁਲਿਸ ਤੱਕ ਪਹੁੰਚ ਬਣਾਉਣ ਲਈ ਕਿਹਾ ਹੈ।

ਕਾਰੋਬਾਰੀਆਂ ਤੋ ਜਬਰੀ ਵਸੂਲੀ ਲਈ ਫੋਨ ਕਾਲਾਂ ਤੇ ਧਮਕੀ ਪੱਤਰਾਂ ਤੋ ਸ਼ੁਰੂ ਹੋਈਆਂ ਘਟਨਾਵਾਂ ਹੁਣ ਘਰਾਂ ਉਪਰ ਗੋਲੀਬਾਰੀ ਤੇ ਅਗਜਨੀ ਦੀਆਂ ਦਹਿਲਾ ਦੇਣ ਵਾਲੀਆਂ ਵਾਰਦਾਤਾਂ ਵਿਚ ਤਬਦੀਲ ਹੋ ਗਈਆਂ ਹਨ। ਵਾਈਟ ਰੌਕ ਵਿਚ ਇਕ ਕਾਰੋਬਾਰੀ ਦੇ ਘਰ ਉਪਰ ਗੋਲੀਬਾਰੀ ਦੀ ਘਟਨਾ ਉਪਰੰਤ ਅਲਬਰਟਾ ਦੀ ਰਾਜਧਾਨੀ ਐਡਮਿੰਟਨ ਵਿਚ ਗੈਂਗਸਟਰਾਂ ਵਲੋਂ ਕਾਰੋਬਾਰੀਆਂ ਦੇ ਘਰਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੇ ਜੋ ਸੱਚ ਉਜਾਗਰ ਕੀਤਾ ਹੈ, ਉਹ ਕੈਨੇਡਾ ਵਿਚ ਇੰਡੋ -ਕੈਨੇਡੀਅਨ ਭਾਈਚਾਰੇ ਲਈ ਵੱਡੀ ਸ਼ਰਮਸ਼ਾਰੀ ਤੇ ਬਦਨਾਮੀ ਦਾ ਵੀ ਸਬੱਬ ਹੈ। ਐਡਮਿੰਟਨ ਪੁਲਿਸ ਵਲੋਂ ਅਗਜ਼ਨੀ ਦੀ ਇਕ ਤਾਜਾ ਘਟਨਾ ਨਾਲ ਸਬੰਧਿਤ ਜਾਰੀ ਕੀਤੀ ਇਕ ਵੀਡੀਓ ਫੁਟੇਜ ਵਿਚ 18-19 ਸਾਲ ਦੇ ਇਕ ਨੌਜਵਾਨ ਦੀ ਤਸਵੀਰ ਆਪਾ-ਚੀਨਣ ਵਾਲੀ ਹੈ। ਪੁਲਿਸ ਮੁਤਾਬਿਕ ਜਬਰੀ ਵਸੂਲੀ, ਗੋਲੀਬਾਰੀ ਤੇ



ਅਗਜ਼ਨੀ ਦੀਆਂ ਘਟਨਾਵਾਂ ਨਾਲ ਸਬੰਧਿਤ 18 ਮਾਮਲਿਆਂ ਦੀ ਜਾਂਚ ਚੱਲ ਰਹੀ ਹੈ। ਐਡਮਿੰਟਨ ਪੁਲਿਸ ਨੇ ਗੋਲੀਬਾਰੀ ਅਤੇ ਅਗਜ਼ਨੀ ਦੀਆਂ ਘਟਨਾਵਾਂ ਦੇ ਸਬੰਧ ਵਿਚ ਹੁਣ ਤੱਕ 6 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਹਨਾਂ ਵਿਚ 20 ਸਾਲਾ ਨੌਜਵਾਨ ਪਰਮਿੰਦਰ ਸਿੰਘ ਸ਼ਾਮਿਲ ਹੈ ਜੋ ਸ਼ਹਿਰ ਵਿਚ ਇਕ ਘਰ ਵਿਖੇ 19 ਅਕਤੂਬਰ ਨੂੰ ਹੋਈ ਗੋਲੀਬਾਰੀ ਦੇ ਸਬੰਧ ਵਿਚ 12 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਗ੍ਰਿਫਤਾਰ ਕੀਤੇ ਦੂਸਰੇ ਨੌਜਵਾਨਾਂ ਵਿਚ 18 ਸਾਲਾ ਹਸਨ ਡੌਮਬਿਲ, 18 ਸਾਲਾ ਮਾਨਵ ਹੀਰ, 19 ਸਾਲਾ ਰਵਿੰਦਰ ਸੰਧੂ ਤੇ 19 ਸਾਲਾ ਅਰਜਨ ਸਾਹਨਨ ਸ਼ਾਮਿਲ ਹੈ ਜਿਨ੍ਹਾਂ 'ਤੇ ਇਕ ਘਰ ਨੂੰ ਅੱਗ ਲਗਾਉਣ ਤੇ ਗੋਲੀਬਾਰੀ ਨਾਲ ਸਬੰਧਤ ਦੋਸ਼ ਲਗਾਏ ਗਏ ਹਨ। ਪੁਲਿਸ ਵਲੋਂ ਫੜੇ ਗਏ ਅੱਲੜ ਉਮਰ ਦੇ ਨੌਜਵਾਨਾਂ ਦੇ ਨਾਵਾਂ ਤੋਂ ਸਪੱਸ਼ਟ ਹੈ ਕਿ ਇਹ ਕਿਸ ਭਾਈਚਾਰੇ ਨਾਲ ਸਬੰਧਿਤ ਹਨ। ਬਰੈਂਪਟਨ ਵਿਚ ਕਾਰੋਬਾਰੀ ਦੇ ਬਿਜਨੈਸ ਉਪਰ ਗੋਲੀਬਾਰੀ ਕਰਨ ਵਾਲਾ ਤੇ ਕਲੋਵਰਡੇਲ ਵਿਚ ਫੜੇ ਗਏ ਦੋਵੇਂ ਨੌਜਵਾਨ ( ਉਪਨਾਵਾਂ ਵਜੋਂ ) ਵੀ ਇੰਡੋ ਕੈਨੇਡੀਅਨ ਭਾਈਚਾਰੇ ਨਾਲ ਸਬੰਧਿਤ ਹਨ। ਪੁਲਿਸ ਨੇ ਇਹਨਾਂ ਨੌਜਵਾਨਾਂ ਦੀ ਗ੍ਰਿਫਤਾਰੀ ਉਪਰੰਤ ਇਹ ਸਪੱਸ਼ਟ ਕੀਤਾ ਹੈ ਕਿ ਇਹਨਾਂ ਕੋਲ ਕਾਰੋਬਾਰੀਆਂ ਦੀ ਨਿੱਜੀ ਜਾਣਕਾਰੀ ਜਿਵੇ ਪਰਿਵਾਰਕ ਮੈਂਬਰਾਂ, ਮੋਟਰ ਗੱਡੀਆਂ, ਉਹਨਾਂ ਦੇ ਆਉਣ ਜਾਣ ਤੇ ਜੀਵਨ ਸ਼ੈਲੀ ਬਾਰੇ ਪੂਰੀ ਜਾਣਕਾਰੀ ਸੀ। ਇਹ ਸਭ ਜਾਣਕਾਰੀ ਹੁੰਦਿਆਂ ਹੀ ਉਹਨਾਂ ਵਲੋਂ ਜਬਰੀ ਵਸੂਲੀ ਲਈ ਦਬਾਅ ਪਾਉਣ ਤੇ ਡਰਾਉਣ ਲਈ ਜਾਇਦਾਦਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ।

ਐਬਟਸਫੋਰਡ ਪੁਲਿਸ ਦੇ ਇਕ ਅੰਦਰੂਨੀ ਮੀਮੋ ਮੁਤਾਬਿਕ ਜਬਰੀ ਵਸੂਲੀ ਵਾਲੇ ਸ਼ੱਕੀ ਗੈਂਗਸਟਰ ਭਾਰਤ ਦੀ ਜੇਲ੍ਹ ਵਿਚ ਬੰਦ ਲਾਰੈਂਸ ਬਿਸ਼ਨੋਈ ਦੇ ਗੈਂਗ ਨਾਲ ਜੁੜੇ ਹੋ ਸਕਦੇ ਹਨ। ਕੈਨੇਡਾ ਵਿਚ ਇਹਨਾਂ ਦਾ ਮੁੱਖ ਸਰਗਨਾ ਗੋਲਡੀ ਬਰਾੜ ਦੱਸਿਆ ਗਿਆ ਹੈ ਜਿਸਨੇ ਮਈ 2022 ਵਿਚ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ। ਭਾਰਤ ਸਰਕਾਰ ਨੇ ਇਕ ਤਾਜਾ ਸੂਚਨਾ ਵਿਚ ਗੋਲਡੀ ਬਰਾੜ ਨੂੰ ਅੱਤਵਾਦੀ ਐਲਾਨਿਆ ਹੈ। ਕਲੋਵਰਡੇਲ ਅਤੇ ਐਡਮਿੰਟਨ ਵਿਚ ਫੜੇ ਗਏ ਗੈਂਗਸਟਰਾਂ ਤੋਂ ਇਹ ਸਪੱਸ਼ਟ ਹੈ ਕਿ ਸਾਰੇ ਗੈਂਗਸਟਰ ਸਾਊਥ ਏਸ਼ੀਅਨ ਭਾਈਚਾਰੇ ਨਾਲ ਸਬੰਧਿਤ ਹਨ ਤੇ ਉਹਨਾਂ ਵਲੋਂ ਜਬਰੀ ਵਸੂਲੀ ਲਈ ਨਿਸ਼ਾਨਾ ਵੀ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਬਣਾਇਆ ਜਾ ਰਿਹਾ ਹੈ। ਜਬਰੀ ਵਸੂਲੀ ਲਈ 2-2 ਮਿਲੀਅਨ ਤੱਕ ਦੀ ਰਕਮ ਨੂੰ ਦੋ ਕੁ ਲੱਖ ਦੀ ਰਕਮ ਸਮਝਕੇ ਮੰਗਣ ਵਾਲੇ ਗੈਂਗਸਟਰ ਸ਼ਾਇਦ ਇਹ ਨਹੀ ਜਾਣਦੇ ਕਿ ਕੈਨੇਡੀਅਨ ਕਾਰੋਬਾਰੀ ਤੇ ਦੂਸਰੇ ਮੁਲਕ ਦੇ ਕਾਰੋਬਾਰੀਆਂ ਵਿਚ ਕਿੰਨਾ ਅੰਤਰ ਹੈ। ਕੈਨੇਡੀਅਨ ਕਾਰੋਬਾਰੀ ਨਿੱਕੇ ਨਿੱਕੇ ਕੰਮਾਂ ਤੋਂ ਸ਼ੁਰੂ ਹੋਕੇ ਆਪਣੀ ਮਿਹਨਤ ਤੇ ਸਿਰੜ ਨਾਲ ਇਕ ਲੰਬੀ ਜਦੋਜਹਿਦ ਬਾਦ ਕਿਸੇ ਮੁਕਾਮ ਤੇ ਪੁੱਜੇ ਹਨ। ਉਹ ਆਪਣੇ ਕਾਰੋਬਾਰਾਂ ਉਪਰ ਅੱਜ ਵੀ ਤਨਖਾਹਦਾਰ ਕਾਮਿਆਂ ਵਾਂਗ ਉਪਜੀਵਕਾ ਕਮਾਉਂਦੇ ਹਨ ਜਿਹਨਾਂ ਲਈ ਆਪਣੀ ਮਿਹਨਤ ਦੀ ਕਮਾਈ ਚੋ ਗੁੰਡਾ ਟੈਕਸ ਭਰਨਾ ਇਤਨਾ ਆਸਾਨ ਨਹੀਂ।

ਇਥੇ ਸਮਝਣ ਦੀ ਲੋੜ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਇਕ ਫਿਰਕੇ ਜਾਂ ਭਾਈਚਾਰੇ ਨਾਲ ਜੋੜਨਾ ਵੀ ਠੀਕ ਨਹੀ। ਗੈਂਗਸਟਰ ਕੈਨੇਡੀਅਨ ਜੰਮਪਲ ਹੈ ਜਾਂ ਕਿਸੇ ਹੋਰ ਮੁਲਕ ਤੋਂ ਆਇਆ ਪਰਵਾਸੀ। ਉਸਦਾ ਅਪਰਾਧਿਕ ਪਿਛੋਕੜ ਸ਼ਾਂਤੀਪਸੰਦ ਸਮਾਜ ਲਈ ਖਤਰਨਾਕ ਹੈ। ਅਜਿਹੇ ਅਨਸਰਾਂ ਖਿਲਾਫ ਸਖਤ ਕਨੂੰਨੀ ਕਾਰਵਾਈ ਦੇ ਨਾਲ ਇਮੀਗ੍ਰੇਸ਼ਨ ਲਈ ਸੁਰੱਖਿਆ ਨੇਮਾਂ ਦਾ ਮੁਲਾਂਕਣ ਕਰਨਾ ਵੀ ਲਾਜ਼ਮੀ ਹੈ। ਅਮਨ ਕਨੂੰਨ ਦੀ ਬੇਹਤਰ ਹਾਲਤ ਲਈ ਸਰਕਾਰ ਤੇ ਸੁਰੱਖਿਆ ਏਜੰਸੀਆਂ ਨੂੰ ਜਵਾਬਦੇਹ ਬਣਾਉਣ ਦੀ ਥਾਂ ਕਿਸੇ ਇਕ ਵਿਸ਼ੇਸ਼ ਭਾਈਚਾਰੇ ਦੀ ਪਛਾਣ ਤੋਂ ਅਲਹਿਦਾ ਹੋਣ ਦੀ ਮੁਹਿੰਮ ਚਲਾਉਣਾ ਮਸਲੇ ਦਾ ਹੱਲ ਨਹੀ। ਅਪਰਾਧ ਮੁਕਤ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਲਈ ਸਮਾਜ ਦੇ ਹਰ ਵਰਗ ਵਲੋਂ ਆਪਣੀਆਂ ਜਿੰਮਵਾਰੀਆਂ ਨੂੰ ਪਛਾਣਨ ਦੀ ਲੋੜ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426






# ਏਅਰ ਇੰਡੀਆ ਬੰਬ ਧਮਾਕਿਆਂ ਦੀ ਨਵੀਂ ਜਾਂਚ ਲਈ ਪਟੀਸ਼ਨ ਦਾਇਰ

ਸਰੀ-ਕੈਨੇਡਾ ਦੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਦੇ ਮਸਲਿਆਂ ਅਤੇ ਭੱਖਵੀਂ ਰਾਜਨੀਤੀ ਨੂੰ ਕਵਰ ਕਰਨ ਵਾਲੀ ਇੱਕ ਔਨਲਾਈਨ ਮੈਗਜ਼ੀਨ 'ਰੈਡੀਕਲ ਦੇਸੀ', 9/11 ਤੋਂ ਪਹਿਲਾਂ ਹਵਾਬਾਜ਼ੀ ਅੱਤਵਾਦ ਦੀ ਸਭ ਤੋਂ ਭੈੜੀ ਘਟਨਾ "ਏਅਰ ਇੰਡੀਆ ਬੰਬ ਧਮਾਕੇ" ਪਿੱਛੇ ਭਾਰਤੀ ਏਜੰਸੀਆਂ ਦੀ ਭੂਮਿਕਾ ਦੀ ਇੱਕ ਹੋਰ ਵਿਸਤਰਤ ਅਤੇ ਮੁਕੰਮਲ ਜਾਂਚ ਚਾਹੁੰਦੀ ਹੈ। ਇਸ ਸਬੰਧ ਵਿੱਚ 11 ਜਨਵਰੀ ਨੂੰ, ਰੈਡੀਕਲ ਦੇਸੀ ਦੇ ਸਹਿ-ਸੰਸਥਾਪਕ ਗੁਰਪ੍ਰੀਤ ਸਿੰਘ ਕੈਨੇਡਾ ਦੇ ਸ਼ਹਿਰ ਸਰੀ ਦੇ ਉਸ ਸਥਾਨ ਤੋਂ ਇੱਕ ਪਟੀਸ਼ਨ 'ਤੇ ਦਸਤਖਤ ਮੁਹਿਮ ਸ਼ੁਰੂ ਕੀਤੀ ਹੈ, ਜਿੱਥੇ 18 ਜੂਨ, 2023 ਵਿੱਚ ਸਰੀ-ਡੈਲਟਾ ਗੁਰਦੁਆਰਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕੀਤੀ ਗਈ ਸੀ। ਗੁਰਪ੍ਰੀਤਸਿੰਘ ਦੇ ਅਨੁਸਾਰ, ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਦੀਆਂ ਘਟਨਾਵਾਂ, ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿੱਚ ਭਾਰਤੀ ਜਾਸੂਸਾਂ ਦੀ ਭੂਮਿਕਾ ਦੀ ਤਾਜ਼ਾ ਅਤੇ ਕੇਂਦਰਿਤ ਜਾਂਚ ਦੀ ਮੰਗ ਕਰਦੀਆਂ ਹਨ। ਜ਼ਿਕਰਯੋਗ ਹੈ ਕਿ ਗਦਰ ਲਹਿਰ ਦੇ ਮੋਢੀਆਂ ਵਿੱਚੋਂ ਇੱਕ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ 11 ਜਨਵਰੀ 1915 ਨੂੰ ਵਿਵਾਦਤ ਇਮੀਗ੍ਰੇਸ਼ਨ ਇੰਸਪੈਕਟਰ ਐਂਗਲੋ ਇੰਡੀਅਨ ਜਾਸੂਸ ਵਿਲੀਅਮ ਹਾਪਕਿਨਸਨ ਦੇ ਕਤਲ ਦੇ ਦੋਸ਼ ਹੇਠ ਫਾਂਸੀ ਦਿੱਤੀ ਗਈ ਸੀ। 5 ਸਤੰਬਰ, 1914 ਵਿੱਚ ਵੈਨਕੂਵਰ ਦੇ ਗੁਰਦੁਆਰੇ ਵਿੱਚ ਸਿੱਖ ਭਾਈਚਾਰੇ ਦੇ ਆਗੂਆਂ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਦੇ ਕਤਲਾਂ ਪਿੱਛੇ ਹਾਪਕਿਨਸਨ ਦੀ ਅਹਿਮ ਭੂਮਿਕਾ ਸੀ। ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਨੇ ਨਸਲਵਾਦ ਅਤੇ ਬਸਤੀਵਾਦ ਵਿਰੁੱਧ ਇੱਕ ਮੁਹਿਮ ਦੀ ਅਗਵਾਈ ਕੀਤੀ, ਅਤੇ ਹੌਪਕਿਨਸਨ ਦੇ ਏਜੰਟਾਂ ਦੁਆਰਾ ਉਸ ਨੂੰ ਨਿਸ਼ਾਨਾ ਬਣਾਇਆ ਗਿਆ। ਗੁਰੂ ਨਾਨਕ ਗੁਰਦੁਆਰਾ ਸਾਹਿਬ ਸਾਰੀ ਡੈਲਟਾ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਰਾਹੀਂ ਕਿਉਂਕਿ ਭਾਰਤੀ ਰਾਜ ਦੁਆਰਾ ਪਹਿਲੇ ਕਤਲੇਆਮ ਦੇ ਇਤਿਹਾਸ ਨੂੰ ਦੁਹਰਾਇਆ ਗਿਆ ਹੈ, ਇਸ ਕਰਕੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸ਼ਹੀਦ ਭਾਈ ਮੇਵਾ ਸਿੰਘ ਦੇ ਸ਼ਹੀਦੀ ਦਿਵਸ 'ਤੇ ਪਟੀਸ਼ਨ ਸ਼ੁਰੂ ਕਰਨਾ ਉਚਿਤ ਸੀ। 23 ਜੂਨ, 1985 ਨੂੰ ਦੋ ਬੰਬ ਧਮਾਕਿਆਂ ਵਿੱਚ 331 ਲੋਕਾਂ ਦੀ ਮੌਤ ਹੋ ਗਈ ਸੀ। ਇਸ ਵਿੱਚ ਏਅਰ ਇੰਡੀਆ ਫਲਾਈਟ 182 ਦਾ ਇੱਕ ਮੱਧ-ਹਵਾਈ ਧਮਾਕਾ ਵੀ ਸ਼ਾਮਲ ਸੀ, ਜਿਸ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਇਹਨਾਂ ਦੋਹਾਂ ਘਟਨਾਵਾਂ ਦਾ ਦੋਸ਼ ਭਾਰਤ ਸਰਕਾਰ ਤੋਂ ਬਦਲਾ ਲੈਣ ਲਈ ਸਿੱਖ ਖਾੜਕੂਆਂ 'ਤੇ ਲਗਾਇਆ ਗਿਆ ਸੀ, ਪਰ ਦੂਜੇ ਪਾਸੇ ਕਮਿਊਨਿਟੀ ਕਾਰਕੁੰਨ ਇਹ ਮੰਨਦੇ ਰਹਿੰਦੇ ਹਨ ਕਿ ਇਹਨਾਂ ਬੰਬ ਧਮਾਕਿਆਂ ਪਿੱਛੇ ਖਾਲਿਸਤਾਨ (ਸਿੱਖ ਹੋਮਲੈਂਡ) ਲਈ ਅੰਦੋਲਨ ਨੂੰ ਬਦਨਾਮ ਕਰਨ ਲਈ ਭਾਰਤੀ ਖੁਫੀਆ ਤੰਤਰ ਦਾ ਹੱਥ ਸੀ। ਅਜਿਹਾ ਮੰਨਣ ਵਾਲਿਆਂ ਨੇ ਏਅਰ ਇੰਡੀਆ ਬੰਬ ਧਮਾਕੇ ਦੀ ਅਧੂਰੀ ਅਤੇ ਗਲਤ ਜਾਂਚ, ਨਿਗਰਾਨੀ ਟੇਪਾਂ ਦੇ ਨਸ਼ਟ ਹੋਣ, ਭਾਰਤੀ ਕੌਂਸਲੇਟ ਦੇ ਨੇੜੇ ਜਾਣੇ ਜਾਂਦੇ ਕੁਝ ਲੋਕਾਂ ਦੁਆਰਾ ਯਾਤਰਾ ਯੋਜਨਾਵਾਂ ਨੂੰ ਆਖਰੀ ਮਿੰਟ ਵਿੱਚ ਰੱਦ ਕਰਨ ਅਤੇ ਕੁਝ ਸ਼ੱਕੀ ਵਿਅਕਤੀਆਂ ਦੀ ਭਾਰਤੀ ਅਧਿਕਾਰੀਆਂ ਨਾਲ ਨੇੜਤਾ ਵਰਗੇ ਤੱਥਾਂ ਵੱਲ ਇਸ਼ਾਰਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿੱਚ ਦੋਸ਼ ਲਗਾਏ ਗਏ ਵਿਅਕਤੀਆਂ ਵਿੱਚੋਂ ਦੋ ਨੂੰ ਬਰੀ ਕਰ ਦਿੱਤਾ ਗਿਆ ਸੀ, ਜਦੋਂ ਕਿ ਇੰਦਰਜੀਤ ਸਿੰਘ ਰਿਆਤ ਇਕੱਲਾ ਵਿਅਕਤੀ ਸੀ, ਜਿਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਬਰੀ ਕੀਤੇ ਗਏ ਲੋਕਾਂ ਵਿਚ ਸਿੱਖ ਕਰੋੜਪਤੀ ਰਿਪੁਦਮਨ ਸਿੰਘ ਮਲਿਕ ਵੀ ਸੀ, ਜਿਸ ਨੂੰ 2019 ਵਿਚ ਭਾਰਤ ਆਉਣ ਦਾ ਵੀਜ਼ਾ ਦਿੱਤਾ ਗਿਆ ਸੀ। ਮਲਿਕ ਦੀ ਜੁਲਾਈ 2022 ਵਿੱਚ ਰਹੱਸਮਈ ਹਾਲਤਾਂ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪਰ ਭਾਰਤੀ ਮੀਡੀਆ ਦੇ ਇੱਕ ਹਿੱਸੇ ਨੇ ਕਥਿਤ ਦੋਸ਼ ਲਗਾਇਆ ਸੀ ਕਿ ਉਸ ਦੀ ਹੱਤਿਆ ਖਾਲਿਸਤਾਨ ਦੇ ਸਮਰਥਕਾਂ ਦੁਆਰਾ ਕੀਤੀ ਗਈ ਸੀ। ਹਰਦੀਪ ਸਿੰਘ ਨਿੱਝਰ ਨੂੰ ਇੱਕ ਸੰਭਾਵੀ ਸ਼ੱਕੀ ਵਜੋਂ ਦਰਸਾਇਆ ਗਿਆ ਸੀ, ਜਿਸ ਨਾਲ ਕਮਿਊਨਿਟੀ ਵਿੱਚ ਬਦਲਾ ਲੈਣ ਦੇ ਖਦਸ਼ੇ ਪੈਦਾ ਹੋਏ ਸਨ। ਉਸ ਨੂੰ ਉਦੋਂ ਤੋਂ ਹੀ ਆਪਣੀ ਜਾਨ ਨੂੰ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਉਹ ਭਾਰਤ ਸਰਕਾਰ ਦੇ ਰਾਡਾਰ 'ਤੇ ਸੀ, ਜੋ ਉਸਦੀ ਹਵਾਲਗੀ ਦੀ ਮੰਗ ਕਰ ਰਹੀ ਸੀ। ਨਾਲ ਹੀ, ਭਾਰਤ ਸਰਕਾਰ ਖਾਲਿਸਤਾਨ ਰੈਫਰੈਂਡਮ ਦੇ ਸਮਰਥਨ ਅਤੇ ਮਰਹੂਮ ਤਲਵਿੰਦਰ ਸਿੰਘ ਬੱਬਰ (ਪਰਮਾਰ), ਇੱਕ ਖਾੜਕੂ ਨੇਤਾ ਦੀ ਵਡਿਆਈ ਲਈ, ਉਸ ਦੇ ਸਮਰਥਨ 'ਤੇ ਨਾਰਾਜ਼ ਸੀ, ਜਿਸ 'ਤੇ ਭਾਰਤ ਵੱਲੋਂ ਏਅਰ ਇੰਡੀਆ ਦੇ ਪਿੱਛੇ ਇੱਕ ਕਥਿਤ ਮਾਸਟਰਮਾਈਂਡ ਵਜੋਂ ਵਿਆਪਕ ਤੌਰ 'ਤੇ ਦੋਸ਼ ਲਗਾਇਆ ਜਾਂਦਾ ਹੈ, ਜਦੋਂ ਕਿ ਪਰਮਾਰ ਨੂੰ ਕਦੇ ਵੀ ਅਪਰਾਧ ਲਈ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ, ਉਸ ਨੂੰ ਸਾਜ਼ਿਸ਼ ਦੇ ਸਿਧਾਂਤਾਂ ਨੂੰ ਪ੍ਰਮਾਣਿਤ ਕਰਦੇ ਹੋਏ, 1992 ਵਿੱਚ ਭਾਰਤੀ ਪੁਲਿਸ ਦੁਆਰਾ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ।

18 ਜੂਨ, 2023 ਵਿੱਚ, ਨਿੱਝਰ ਦੀ ਗੁਰਦੁਆਰਾ ਪਾਰਕਿੰਗ ਲਾਟ ਦੇ ਨੇੜੇ ਹੱਤਿਆ ਕਰ ਦਿੱਤੀ ਗਈ ਸੀ। ਇਸ ਤੱਥ ਦੇ ਬਾਵਜੂਦ ਕਿ ਕੈਨੇਡੀਅਨ ਅਧਿਕਾਰੀਆਂ ਦੁਆਰਾ ਉਸਦੀ ਜਾਨ ਨੂੰ ਖ਼ਤਰੇ ਬਾਰੇ ਵਾਰ-ਵਾਰ ਸੁਚੇਤ ਕੀਤਾ ਗਿਆ ਸੀ, ਕੈਨੇਡੀਅਨ ਪੁਲਿਸ ਭਾਈ ਨਿੱਝਰ ਨੂੰ ਬਚਾਉਣ ਵਿੱਚ ਅਸਫਲ ਰਹੀ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨਜ਼ ਵਿੱਚ ਮੰਨਿਆ ਕਿ ਇਸ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੋ ਸਕਦਾ ਹੈ। ਬਾਅਦ ਵਿੱਚ, ਯੂਐਸ ਅਧਿਕਾਰੀਆਂ ਨੇ ਭਾਈ ਹਰਦੀਪ ਸਿੰਘ ਨਿੱਝਰ ਦੇ ਸਹਿਯੋਗੀ ਅਤੇ ਸਿਖ਼ਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਦਾ ਪਤਾ ਲਗਾਇਆ ਅਤੇ ਨਿਖਿਲ ਗੁਪਤਾ ਨੂੰ ਦੋਸ਼ੀ ਠਹਿਰਾਇਆ, ਜਿਸ ਨੇ ਇੱਕ ਅਣਪਛਾਤੇ ਭਾਰਤੀ ਸਰਕਾਰੀ ਅਧਿਕਾਰੀ ਦੀ ਤਰਫੋਂ ਇੱਕ ਗੁਪਤ ਪੁਲਿਸ ਅਧਿਕਾਰੀ ਨੂੰ ਸੁਪਾਰੀ ਦੇ ਕੇ ਕਤਲ ਲਈ ਨਿਯੁਕਤ ਕੀਤਾ।

ਰੈਡੀਕਲ ਦੇਸੀ ਦੇ ਸਹਿ ਸਥਾਪਕ ਗੁਰਪ੍ਰੀਤ ਸਿੰਘ ਦਾ ਮੰਨਣਾ ਹੈ ਕਿ ਉਪਰੋਕਤ ਘਟਨਾਵਾਂ ਦੀ ਲੜੀ ਨੇ ਏਅਰ ਇੰਡੀਆ ਦੀ ਇਕ ਹੋਰ ਜਾਂਚ ਦੀ ਮੰਗ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਸੰਗਿਕ ਬਣਾ ਦਿੱਤਾ ਹੈ। ਪਿਛਲੀਆਂ ਜਾਂਚਾਂ ਮੁੱਖ ਤੌਰ 'ਤੇ ਬੰਬ ਧਮਾਕਿਆਂ ਵਿੱਚ ਸਿੱਖ ਖਾੜਕੂਆਂ ਦੇ ਹੱਥਾਂ ਨੂੰ ਦੇਖਦੀਆਂ ਸਨ ਅਤੇ ਅਣਸੁਲਝੀਆਂ ਰਹੀਆਂ ਹਨ। ਇਹਨਾਂ ਪਹਿਲੂਆਂ ਦੇ ਮੱਦੇਨਜ਼ਰ ਏਅਰ ਇੰਡੀਆ ਦੀ ਮੁੜ ਜਾਂਚ ਵਾਲੀ ਉਕਤ ਪਟੀਸ਼ਨ ਇਤਿਹਾਸਿਕ ਮਹੱਤਵ ਰੱਖਦੀ ਹੈ। ਇਹ ਪਟੀਸ਼ਨ ਦਾਇਰ ਕਰਨ ਸਮੇਂ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਅਤੇ ਭਾਈਚਾਰੇ ਦੇ ਪਤਵੰਤੇ ਸੱਜਣ ਹਾਜ਼ਰ ਸਨ। ਪਟੀਸ਼ਨ ਸਬੰਧੀ ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਨਾਲ 778 862 2454 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।


- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਇਨਕਲਾਬੀ ਰਹਿਬਰ ਗੁਰੂ ਗੋਬਿੰਦ ਸਿੰਘ ਜੀ



ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਹਥਿਆਰਬੰਦ ਖ਼ਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ : ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 142)

ਗੁਰੂ ਜੀ ਨੂੰ ਇਕ ਪਾਸੇ ਕੱਟੜ ਮੁਗ਼ਲ ਹਕੂਮਤ ਅਤੇ ਦੂਜੇ ਪਾਸੇ ਲੋਭੀ, ਕਰਮ-ਕਾਂਡੀ, ਧਾਰਮਿਕ ਪ੍ਰੰਪਰਾਵਾਂ ਦੀ ਧਾਰਨੀ ਜਾਤ-ਪਾਤ, ਵਰਣ-ਵੰਡ ਅਧਾਰਿਤ ਵੰਡੀ ਬ੍ਰਾਹਮਣੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜੀਵਨ ਭਰ ਸੰਘਰਸ਼ ਕਰਨਾ ਪਿਆ। ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਵੀਂ, 23 ਪੋਹ (22 ਦਸੰਬਰ, 1666) ਨੂੰ ਪਟਨਾ ਸਾਹਿਬ (ਬਿਹਾਰ) ਦੀ ਇਤਿਹਾਸਕ ਧਰਤੀ 'ਤੇ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋਏ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ' ਧਰਮ ਦੀ ਸਥਾਪਨਾ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਧਰਮ ਯੁੱਧ ਕਰਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ-ਜ਼ੁਲਮ ਤੇ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕਾ-ਜਨਾਂ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ਰ ਨਾਟਕ' ਵਿਚ ਭਲੀ-ਭਾਂਤ ਸਪੱਸ਼ਟ ਕਰਦੇ ਹਨ:

**ਹਮ ਇਹ ਕਾਜ ਜਗਤ ਮੋ ਆਏ॥**
**ਧਰਮ ਹੇਤ ਗੁਰਦੇਵ ਪਠਾਏ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ॥**
**ਦੁਸਟ ਦੋਖੀਅਨਿ ਪਕਰਿ ਪਛਾਰੋ ॥42॥**
**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨ॥**

ਧਰਮ ਦੀ ਬਹਾਲੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਾਖੰਡਾਂ ਦਾ ਖ਼ੂਬ ਪਾਜ ਉਘੇੜਿਆ। ਆਪਣੀ ਬਾਣੀ ਵਿਚ ਉਨ੍ਹਾਂ ਨੇ ਇਨ੍ਹਾਂ ਪਾਖੰਡਾਂ ਅਤੇ ਕਰਮਕਾਂਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਆਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮੂਰਤੀ-ਪੂਜਾ, ਬੁੱਤ-ਪੂਜਾ, ਤੀਰਥ ਯਾਤਰਾ ਜਾਂ ਬਗੁਲ ਸਮਾਧੀਆਂ ਨਾਲ ਅਕਾਲ-ਪੁਰਖ ਦੀ ਭਗਤੀ ਤੇ ਪ੍ਰਾਪਤੀ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚਲਿਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖ਼ੌਫ਼ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ :

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ**
**ਬੈਠਿ ਰਹਿਓ ਬਕ ਧਿਆਨ ਲਗਾਇਓ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ**
**ਲੋਕ ਗਯੋ ਪਰਲੋਕ ਗਵਾਇਓ॥**
**ਬਾਸ ਕੀਓ ਬਿਖਿਆਨ ਸੋ ਬੈਠ ਕੈ**
**ਐਸੇ ਹੀ ਐਸੇ ਸੁ ਬੈਸ ਬਿਤਾਇਓ॥**
**ਸਾਚੁ ਕਹੋਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥9॥29॥**

ਅਜੋਕੀ ਦੁਨੀਆ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਕਿ ਸਮੁੱਚੀ ਮਨੁੱਖਤਾ ਵਿਚ ਇਕ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ, ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ :

**ਕੋਊ ਭਇਓ ਮੁੰਡੀਆਮ ? ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥**
**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**
**ਕਰਤਾ ਕਰੀਮ ਸੋਈ ਰਾਜਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥15॥85॥**

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗ਼ਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗ਼ੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿਚ ਅਣਖ ਅਤੇ ਸਵੈਮਾਣ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖ਼ਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਨ੍ਹਾਂ ਦੇ ਕਿਰਦਾਰ, ਵਿਹਾਰ ਤੇ ਅਚਾਰ 'ਤੇ ਤਸੱਲੀ ਪ੍ਰਗਟ ਕਰਦੇ ਰਹਿੰਦੇ ਹਨ :

**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ**
**ਨਹੀ ਮੋ ਸੋ ਗਰੀਬ ਕਰੋਰ ਪਰੇ॥ (ਦਸਮ ਗ੍ਰੰਥ, ਪੰਨਾ 716)**

ਦੁਨੀਆ ਦੇ ਇਤਿਹਾਸ ਵਿਚ ਇਹ ਇਕ ਵੱਡਾ ਇਨਕਲਾਬ ਮੰਨਿਆ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਗੁਰੂ ਦਾ ਦਰਜਾ ਦਿੱਤਾ। ਦੁਨੀਆ ਦੇ ਕਿਸੇ ਵੀ ਧਾਰਮਿਕ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ। ਪਰ ਦਸਮ-ਪਿਤਾ ਧੰਨ ਹਨ ਜਿਨ੍ਹਾਂ 'ਖ਼ਾਲਸੇ' ਨੂੰ ਆਪਣਾ ਖ਼ਾਸ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਬਲਕਿ ਆਪਣਾ ਗੁਰੂ ਵੀ ਸਵੀਕਾਰ ਕੀਤਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕਰ ਕੇ ਗੁਰ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਆਪ ਖ਼ਾਲਸੇ ਨੂੰ ਆਪਣਾ ਰੂਪ ਅਤੇ 'ਗੁਰੂ' ਸਵੀਕਾਰ ਕਰਦੇ ਹੋਏ ਫ਼ੁਰਮਾਉਂਦੇ ਹਨ :

**ਖ਼ਾਲਸਾ ਮੇਰੋ ਰੂਪ ਹੈ ਖਾਸ।**
**ਖ਼ਾਲਸੇ ਮੈ ਹਉ ਕਰਉ ਨਿਵਾਸ।.....**
**ਖ਼ਾਲਸਾ ਮੇਰੋ ਸਤਿਗੁਰ ਪੂਰਾ।**
**ਖ਼ਾਲਸਾ ਮੇਰੋ ਸਜਣ ਸੂਰਾ।**

ਦੁਨੀਆ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ :

**ਜੋ ਹਮ ਕੋ ਪਰਮੇਸਰ ਉਚਿਰਹੈਂ॥**
**ਤੇ ਸਭ ਨਰਕ ਕੁੰਡ ਮਹਿ ਪਰਿਹੈਂ॥**
**ਮੋ ਕੌ ਦਾਸ ਤਵਨ ਕਾ ਜਾਨੋ॥**
**ਯਾ ਮੈ ਭੇਦ ਨ ਰੰਚ ਪਛਾਨੋ ॥32॥ (ਬਚਿਤ੍ਰ ਨਾਟਕ)**

ਗੁਰੂ ਜੀ ਨੇ ਤਖ਼ਤ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਧਰਤ ਸੁਹਾਵੀ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਦੀ ਬਾਣੀ ਅੰਕਤ ਕਰ ਸੰਪੂਰਨਤਾ ਬਖ਼ਸ਼ੀ। ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਅਬਚਲ ਨਗਰ 'ਚ ਸੰਸਾਰਿਕ ਯਾਤਰਾ ਸੰਪੂਰਨ ਕਰਨ ਤੋਂ ਪਹਿਲਾਂ ਸ਼ਬਦ ਗੁਰੂ, ਗੁਰੂ-ਗ੍ਰੰਥ ਸਾਹਿਬ ਨੂੰ ਹਮੇਸ਼ਾ ਵਾਸਤੇ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ, ਵਿਅਕਤੀ ਗੁਰੂ ਦੀ ਪਰੰਪਰਾ ਨੂੰ ਸਦਾ ਲਈ ਸਮਾਪਤ ਕਰ, ਗੁਰਸਿੱਖਾਂ ਸੇਵਕਾਂ ਨੂੰ ਹੁਕਮ ਕੀਤਾ :

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।**
**ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**

## ਲੜੀਆਂ 14 ਜੰਗਾਂ

ਗੁਰੂ ਜੀ ਨੇ ਕੇਵਲ 42 ਸਾਲ ਦੀ ਉਮਰ 'ਚ ਹਕੂਮਤੀ ਜਬਰ-ਜ਼ੁਲਮ ਦੇ ਨਾਲ 14 ਜੰਗਾਂ ਲੜੀਆਂ ਪਰ ਇੰਚ ਭਰ ਵੀ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ। ਇਨ੍ਹਾਂ ਜੰਗਾਂ ਦੌਰਾਨ ਹੀ ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ-ਪਿਆਰੇ ਗੁਰਸਿੱਖ ਸ਼ਹੀਦ ਹੋਏ। ਉਨ੍ਹਾਂ ਨੇ ਚਮਕੌਰ ਦੀ ਜੰਗ ਉਪਰੰਤ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ 'ਚ ਅਕਾਲ-ਪੁਰਖ ਰੂਪੀ ਮਿੱਤਰ-ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾਇਆ। ਉਨ੍ਹਾਂ ਦੀਨੇ ਕਾਂਗੜ ਦੀ ਧਰਤੀ ਤੋਂ ਔਰੰਗਜ਼ੇਬ ਨੂੰ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਵੰਗਾਰਦਿਆਂ ਜ਼ਫ਼ਰਨਾਮਾ ਲਿਖ ਕੇ ਸਮੇਂ ਦੇ ਸੱਚ ਤੋਂ ਜਾਣੂੰ ਕਰਵਾਇਆ। ਸੰਖੇਪ ਵਿਚ ਜੇਕਰ ਦੇਖਿਆ ਜਾਵੇ ਤਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚਾ ਜੀਵਨ ਸੰਘਰਸ਼ਮਈ, ਚੜ੍ਹਦੀ ਕਲਾ ਵਾਲਾ, ਇਨਕਲਾਬੀ, ਇਤਿਹਾਸਕ ਕੀਰਤੀਮਾਨ ਸਥਾਪਤ ਕਰਦਿਆਂ ਬਸਰ ਕੀਤਾ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਇਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇਨਕਲਾਬੀ ਤੇ ਇਤਿਹਾਸਕ ਤਬਦੀਲੀ ਲਿਆਂਦੀ। ਅਜੋਕੇ ਦੇਹਧਾਰੀ ਗੁਰੂਆਂ, ਅਖੌਤੀ ਸਾਧਾਂ-ਸੰਤਾਂ ਅਤੇ ਮਹਾਤਮਾਵਾਂ ਨੂੰ ਦਸਮੇਸ਼ ਪਿਤਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭੇਖ ਤੇ ਅਡੰਬਰ, ਵਿਖਾਵੇ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਕਰਮਕਾਡਾਂ ਦੇ ਅੰਧਕਾਰ ਵਿਚ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰਦੇਵ ਪਿਤਾ ਵੱਲੋਂ ਦਿੱਤੇ ਨਾਹਰੇ, 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਧਾਰਨੀ ਬਣ, ਭਰਮ-ਭੇਖ ਤੋਂ ਸੁਤੰਤਰ ਹੋ, ਗੁਰੂ ਦੇ ਸਪੁੱਤਰ ਹੋਣ ਵਿਚ ਮਾਣ ਤੇ ਸਤਿਕਾਰ ਮਹਿਸੂਸ ਕਰਨਾ ਚਾਹੀਦਾ ਹੈ।

**—ਰੂਪ ਸਿੰਘ (ਡਾ.)**





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM




# ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

ਸਰੀ (ਹਰਦਮ ਮਾਨ)-ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਸ਼ਰਧਾਲੂਆਂ ਵੱਲੋਂ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਇਕਬਾਲ ਸਿੰਘ ਲੁਧਿਆਣੇ ਵਾਲੇ ਤੇ ਭਾਈ ਸਰਬਜੀਤ ਸਿੰਘ ਰਾਮਦਾਸ ਵਾਲਿਆਂ ਦੇ ਕੀਰਤਨੀ ਜੱਥਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬਚਿੱਤਰ ਨਾਟਕ ਵਿੱਚੋਂ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਨਾਲ ਹਾਜ਼ਰ ਸੰਗਤਾਂ ਦੇ ਮਨਾਂ ਨੂੰ ਟੁੰਬਿਆ। ਗਿਆਨੀ ਸਤਵਿੰਦਰਪਾਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉੱਪਰ ਰੌਸ਼ਨੀ ਪਾਈ ਅਤੇ ਉਨ੍ਹਾਂ ਦੇ ਵੱਖ ਵੱਖ ਪਹਿਲੂ ਸੰਗਤਾਂ ਨਾਲ ਸਾਂਝੇ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ □ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥ ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ॥□ ਦਾ ਹਵਾਲਾ ਦਿੰਦਿਆਂ ਗੁਰੂ ਜੀ ਦੇ ਇਸ ਜਗਤ ਵਿਚ ਆਉਣ ਦੇ ਉਦੇਸ਼ ਬਾਰੇ ਵੀ ਦੱਸਿਆ। ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਦੀਆਂ ਸ਼ਹਾਦਤਾਂ ਨੂੰ ਅੱਜ ਇਕ ਰਾਸ਼ਟਰਵਾਦ ਨਾਲ ਜੋੜਨ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਹ ਸਮਝਣ ਦੀ ਅਤਿਅੰਤ ਲੋੜ ਹੈ ਕਿ ਧਰਮ ਚਲਾਉਣ ਵਾਲੇ ਮਰਦ ਅਗੰਮੜੇ ਅਤੇ ਭੁਜੰਗੀਆਂ ਨੂੰ ਕਿਸੇ ਇਕ ਰਾਸ਼ਟਰ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ।

# ਆਪਣਾ ਘਰ ਗੁਆਉਣ ਵਾਲੀ ਹੈ ਰੇਲ ਗੱਡੀ ਦੀ ਮਾਰ ਤੋਂ ਇਕ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲੀ ਔਰਤ

ਸਰੀ-ਚਿਲੀਵੈਕ ਦੀ ਔਰਤ ਜਿਹੜੀ ਇਕ ਹੋਰ ਵਿਅਕਤੀ ਨੂੰ ਰੇਲ ਗੱਡੀ ਦੀ ਮਾਰ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ ਸੀ ਆਪਣਾ ਘਰ ਗੁਆਉਣ ਵਾਲੀ ਹੈ। ਜੂਲੀ ਕੈਲਾਘਨ ਨੂੰ ਰਾਤ ਦੇ ਖਾਣੇ ਦੇ ਸਮਾਗਮ ਵਿਚ ਜਾਂਦੇ ਸਮੇਂ 26 ਮਈ 2018 ਨੂੰ ਬਰੌਡਵੇਅ ਸਟਰੀਟ ਰੇਲ ਕਰੌਸਿੰਗ 'ਤੇ ਰੁਕਣ ਦੀ ਗੱਲ ਯਾਦ ਹੈ। ਉਸ ਨੇ ਰੇਲ ਪੱਟੜੀਆਂ ਵਿਚ ਫਸੀ ਮੈਥਿਊ ਜਾਰਵਿਸ ਦੀ ਮੋਟਰ ਵਾਲੀ ਵੀਲ੍ਹਚੇਅਰ ਨੂੰ ਦੇਖਿਆ ਜਿਸ ਨੂੰ ਉਹ ਅੱਗੇ ਪਿਛੇ ਕਰਕੇ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਕੈਲਾਘਨ ਤੇ ਇਕ ਹੋਰ ਔਰਤ ਜਿਸ ਨੇ ਇਹ ਸਥਿਤੀ ਦੇਖੀ ਹਰਕਤ ਵਿਚ ਆ ਗਈਆਂ। ਉਹ ਜਾਰਵਿਸ ਵੱਲ ਦੌੜੀਆਂ ਜਦਕਿ ਸੀਐਨ ਰੇਲ ਗੱਡੀ ਕੋਲ ਆ ਪਹੁੰਚੀ ਸੀ। ਸਮੇਂ 'ਤੇ ਵੀਲ੍ਹਚੇਅਰ ਨੂੰ ਉਥੋਂ ਕੱਢਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਰੇਲਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ। ਰੇਲ ਗੱਡੀ ਦੀ ਟੱਕਰ ਨਾਲ 40 ਸਾਲ ਜਾਰਵਿਸ ਦੀ ਮੌਤ ਹੋ ਗਈ ਪਰ 46 ਸਾਲਾ ਕੈਲਾਘਨ ਤੇ ਦੂਸਰੀ ਔਰਤ ਨੇ ਪਿੱਛੇ ਨੂੰ ਛਾਲ ਮਾਰ ਦਿੱਤੀ। ਇਸ ਘਟਨਾ ਵਿਚ ਕੈਲਾਘਨ ਦਾ ਹੱਥ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਦਾ ਕੁਝ ਹਿੱਸਾ ਕੱਟਣਾ ਪਿਆ ਅਤੇ ਇਸ ਪਿੱਛੋਂ ਉਸ ਦੀ ਜ਼ਿੰਦਗੀ ਕਦੇ ਵੀ ਪਹਿਲਾਂ ਵਾਲੀ ਨਹੀਂ ਰਹੀ। ਜ਼ਿੰਦਗੀ ਨੂੰ ਬਦਲਣ ਵਾਲੀ ਦੁਖਦਾਈ ਘਟਨਾ ਦੇ ਮੱਦੇਨਜ਼ਰ ਉਸ ਲਈ ਗੱਲਾਂ ਠੀਕ ਨਹੀਂ ਰਹੀਆਂ। ਕੈਲਾਘਨ ਨੇ ਅਗਸਤ 2019 ਵਿਚ ਆਪਣੀਆਂ ਗੰਭੀਰ ਸੱਟਾਂ ਅਤੇ ਵਿੱਤੀ ਮੁਸ਼ਕਲਾਂ ਜਿਹੜੀਆਂ ਕੰਮ ਨਾ ਕਰ ਸਕਣ ਕਾਰਨ ਆਈਆਂ ਦਾ ਹਵਾਲਾ ਦਿੰਦਿਆਂ ਬੀਸੀ ਦੀ ਸੁਪਰੀਮ ਕੋਰਟ ਵਿਚ ਕੈਨੇਡੀਅਨ ਨੈਸ਼ਨਲ ਰੇਲਵੇ ਖਿਲਾਫ ਕੇਸ ਦਾਇਰ ਕਰ ਦਿੱਤਾ। ਘਟਨਾ ਦੇ ਸਰੀਰ 'ਤੇ ਅਸਰ ਹੋਣ ਅਤੇ ਮਨੋਵਿਗਿਆਨਕ ਪ੍ਰਭਾਵ ਕਾਰਨ ਉਹ ਗੁੰਝਲਦਾਰ ਰੀਜਨਲ ਪੇਨ ਸਿੰਡੋਰਮ ਤੋਂ ਪੀੜਤ ਹੈ। ਉਹ ਲੰਬੇ ਸਮੇਂ ਤੋਂ ਦਰਦ, ਰਾਤ ਨੂੰ ਜਾਗਣ ਅਤੇ ਡਰਾਉਣੇ ਸੁਪਨਿਆਂ ਦਾ ਸਾਹਮਣਾ ਕਰ ਰਹੀ ਹੈ। ਉਸ ਦਾ ਅਦਾਲਤ ਮਾਮਲਾ ਰੁਕ ਰੁਕ ਅੱਗੇ ਵਧਿਆ ਹੈ ਅਤੇ ਆਰਜ਼ੀ ਟਰਾਇਲ ਤਾਰੀਕ 17 ਮਾਰਚ 2025 ਹੈ। ਸਤੰਬਰ ਵਿਚ ਦੋਵਾਂ ਧਿਰਾਂ ਵਿਚਕਾਰ ਵਿਚੋਲਗੀ ਦਾ ਕੋਈ ਸਿੱਟਾ ਨਹੀਂ ਨਿਕਲਿਆ। ਹੁਣ ਕੈਲਾਘਨ ਦੇ ਘਰ ਦੀ ਫੋਰਕਲੋਜ਼ਰ ਕਾਰਵਾਈ ਸ਼ੁਰੂ ਹੋ ਗਈ। ਮੈਡੀਕਲ ਅਪੁਆਇੰਟਮੈਂਟਾਂ, ਆਪਰੇਸ਼ਨਾਂ, ਹਸਪਤਾਲ ਨੂੰ ਵਾਰ ਵਾਰ ਜਾਣ ਅਤੇ ਥੈਰੇਪੀ ਕਾਰਨ ਕੈਲਾਘਨ ਕਿਸੇ ਵੀ ਸਮਰੱਥਾਂ ਵਿਚ ਕੰਮ 'ਤੇ ਜਾਣ ਦੇ ਅਸਮਰੱਥ ਹੋ ਰਹੀ। ਉਹ ਚਿਲੀਵੈਕ ਫੂਡ ਬੈਂਕ ਅਤੇ ਦੂਸਰਿਆਂ ਦੀ ਦਿਆਲਤਾ 'ਤੇ ਨਿਰਭਰ ਹੈ। ਹੁਣ ਸਮੇਂ ਦੇ ਗੱਲ ਹੈ ਕਿ ਉਹ ਬੇਘਰ ਹੋ ਜਾਵੇਗੀ ਅਤੇ ਰਹਿਣ ਲਈ ਕੋਈ ਥਾਂ ਨਹੀਂ ਰਹੇਗੀ।

# ਤਿੰਨ ਵਿਅਕਤੀਆਂ ਖਿਲਾਫ ਲੁੱਟ ਕਰਨ ਦਾ ਦੋਸ਼ ਆਇਦ

ਐਬਟਸਫੋਰਡ-ਤਿੰਨ ਵਿਅਕਤੀਆਂ ਖਿਲਾਫ ਅਪ੍ਰੈਲ 2023 ਦੀ ਘਟਨਾ ਦੇ ਸਬੰਧ ਵਿਚ ਦੋਸ਼ ਲਗਾਏ ਗਏ ਹਨ ਜਿਸ ਵਿਚ ਇਕ ਔਰਤ ਨੂੰ ਆਪਣੀ ਪੇਂਡੂ ਐਬਟਸਫੋਰਡ ਪ੍ਰਾਪਰਟੀ ਵਿਚ ਹੋਣ ਸਮੇਂ ਲੁੱਟਿਆ ਸੀ। ਪ੍ਰੋਵਿੰਸ਼ੀਅਲ ਕੋਰਟ ਦੇ ਡਾਟਾਬੇਸ ਮੁਤਾਬਿਕ 34 ਸਾਲਾ ਮਾਰਸ਼ਲ ਟੋਰੋਕ, 45 ਸਾਲਾ ਕੋਰੀ ਫੋਸਟਰ ਅਤੇ 38 ਸਾਲਾ ਜੇਰਮੀ ਗ੍ਰਾਂਟ 'ਤੇ ਪੰਜ ਅਪਰਾਧਾਂ, ਹਥਿਆਰਾਂ ਨਾਲ ਹਮਲਾ ਕਰਨ, ਨਕਲੀ ਹਥਿਆਰਾਂ ਦੀ ਵਰਤੋਂ ਕਰਨ, ਆਪਣੇ ਚਿਹਰਿਆਂ ਦਾ ਭੇਸ ਬਦਲਣ ਤੇ ਲੁੱਟ ਕਰਨ ਦੇ ਦੋ ਦੋਸ਼ ਲਗਾਏ ਗਏ ਹਨ। ਇਹ ਘਟਨਾ ਦੱਖਣੀ ਐਬਟਸਫੋਰਡ ਵਿਚ ਰੌਸ ਰੋਡ ਦੇ 300 ਬਲਾਕ ਵਿਚ ਇਕ ਅਪ੍ਰੈਲ 2023 ਨੂੰ ਸ਼ਾਮ 8 ਵਜੇ ਤੋਂ ਥੋੜੀ ਦੇਰ ਬਾਅਦ ਵਾਪਰੀ ਸੀ। 62 ਸਾਲਾ ਔਰਤ ਨੇ ਦੱਸਿਆ ਸੀ ਕਿ ਜਦੋਂ ਉਹ ਘਰ ਤੋਂ ਬਾਹਰ ਸੀ ਤਾਂ ਪੰਜ ਨਕਾਬਪੋਸ਼ ਵਿਅਕਤੀ ਉਸ ਕੋਲ ਆਏ ਅਤੇ ਬੰਦੂਕ ਕੱਢ ਕੇ ਪੈਸਿਆਂ ਦੀ ਮੰਗ ਕੀਤੀ ਅਤੇ ਉਸ ਦੀ ਗੱਡੀ ਲੈ ਕੇ ਚਲਦੇ ਬਣੇ। ਪੀੜਤ ਦੀ ਕਾਰ ਅਤੇ ਪ੍ਰਾਪਰਟੀ 'ਤੇ ਪਹੁੰਚਣ ਲਈ ਵਰਤੀ ਮੋਟਰ ਗੱਡੀ ਪੁਲਿਸ ਨੇ ਪਤਾ ਲਗਾ ਕੇ ਜ਼ਬਤ ਕਰ ਲਈ। ਪੁਲਿਸ ਨੇ ਉਸ ਸਮੇਂ ਦੱਸਿਆ ਸੀ ਕਿ ਉਨ੍ਹਾਂ ਨੇ 7 ਅਪ੍ਰੈਲ 2023 ਨੂੰ 38 ਸਾਲਾ ਵਿਅਕਤੀ ਘਟਨਾ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਹੈ ਪਰ ਉਸ ਸਮੇਂ ਦੋਸ਼ ਨਹੀਂ ਸਨ ਲਗਾਏ ਗਏ। ਜਾਂਚ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਨਿਸ਼ਾਨਾ ਘਰ ਨਾਲ ਜੁੜਿਆ ਇਕ ਹੋਰ ਵਿਅਕਤੀ ਸੀ ਅਤੇ ਉਨ੍ਹਾਂ ਨੇ ਨਕਲੀ ਬੰਦੂਕ ਬਰਾਮਦ ਕੀਤੀ ਹੈ ਜਿਹੜੀ ਸ਼ਾਇਦ ਘਟਨਾ ਦੌਰਾਨ ਵਰਤੀ ਸੀ। ਤਿੰਨੇ ਵਿਅਕਤੀਆਂ ਜਿਨ੍ਹਾਂ 'ਤੇ ਦੋਸ਼ ਲਗਾਏ ਗਏ ਹਨ ਦਾ ਲੰਬਾ ਚੌੜਾ ਅਪਰਾਧਿਕ ਰਿਕਾਰਡ ਹੈ।

# ਐਬਟਸਫੋਰਡ ਕੈਨਕਸ ਦਾ ਫਾਰਵਰਡ ਖਿਡਾਰੀ ਬੈਂਸ 2024 ਏਐਚਐਲ ਆਲ-ਸਟਾਰ-ਗੇਮ ਲਈ ਨਾਮਜ਼ਦ

ਸਰੀ-ਐਬਟਸਫੋਰਡ ਕੈਨਕਸ ਦਾ ਫਾਰਵਰਡ ਖਿਡਾਰੀ ਅਰਸ਼ਦੀਪ ਬੈਂਸ 2024 ਅਮਰੀਕਨ ਹਾਕੀ ਲੀਗ ਆਲ-ਸਟਾਰ ਗੇਮ ਵੱਲ ਵਧ ਰਿਹਾ ਹੈ। ਏਐਚਐਲ ਨੇ ਹਾਲ ਹੀ ਵਿਚ ਈਵੈਂਟ ਲਈ ਰੋਸਟਰਾਂ ਦਾ ਐਲਾਨ ਕੀਤਾ ਹੈ ਜਿਹੜਾ ਸੈਨਹੋਜ਼ੇ ਵਿਚ 4 ਤੇ ਪੰਜ ਫਰਵਰੀ ਨੂੰ ਹੋਵੇਗਾ ਅਤੇ ਸਰੀ ਤੋਂ ਸੱਫੋਮੋਰ ਪੈਸੀਫਿਕ ਡਵੀਜ਼ਨ ਰੋਸਟਰ ਵਿਚ ਐਬਟਸਫੋਰਡ ਕੈਨਕਸ ਦਾ ਪ੍ਰਤੀਨਿਧ ਹੈ। ਬੈਂਸ ਲਈ ਇਹ ਪਹਿਲੀ ਆਲ-ਸਟਾਰ ਦਿੱਖ ਹੈ ਅਤੇ ਉਹ ਡਿਫੈਂਸਮੈਨ ਕ੍ਰਿਸਚੀਅਨ ਵੋਲਾਨਿਨ ਦੇ ਨਕਸ਼ੇ ਕਦਮਾਂ 'ਤੇ ਚੱਲਦਾ ਹੈ ਜਿਹੜਾ ਖੇਡ ਵਿਖੇ ਟੀਮ ਦੀ ਨੁਮਾਇੰਦਗੀ ਕਰਨ ਲਈ ਪਿਛਲੇ ਸਾਲ ਪਹਿਲਾ ਐਬਟਸਫੋਰਡ ਕੈਨਕਸ ਖਿਡਾਰੀ ਬਣਿਆਂ ਸੀ। ਬੈਂਸ ਇਸ ਮੌਸਮ ਵਿਚ ਕੈਨਕਸ ਦੇ ਚੋਟੀ ਦੇ ਹਮਲਾਵਰ ਖਿਡਾਰੀ ਵਜੋਂ ਉਭਰਿਆ ਹੈ ਅਤੇ ਉਸ ਨੇ 29 ਖੇਡਾਂ ਵਿਚ 29 ਅੰਕ ਦਰਜ ਕੀਤੇ ਹਨ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.**

**ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ**

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RM TRIAL LAWYERS

MANDEEP RANDHAWA LAW CORPORATION

**PERSONAL INJURY LAWYERS**

T 604-449-7500 F 604-449-7501

mrandhawa@rmlawyers.ca www.randhawalaw.ca

200 – 6245 136th Street, Surrey, BC.

## ਨਵੇਂ ਸਾਲ ਦੀਆਂ ਵਧਾਈਆਂ ਦੇਣ ਦਾ ਬਦਲਿਆ ਰੂਪ




# ਗਰੀਟਿੰਗ ਕਾਰਡਾਂ ਦਾ ਉਹ ਸੁਨਹਿਰੀ ਦੌਰ...


ਰਣਧੀਰ ਧੀਰਾ
98555-97642

ਯਾਰ ਤੈਨੂੰ ਕਿੰਨੇ ਨਵੇਂ ਸਾਲ ਦੀਆਂ ਵਧਾਈਆਂ ਦੇ ਗਰੀਟਿੰਗ ਕਾਰਡ ਆਏ... ਯਾਰ ਮੈਨੂੰ 7 ਆਏ... ਓਏ ਮੈਨੂੰ ਤਾਂ 13 ਕਾਰਡ ਆਏ.... ਤੇ ਫਿਰ ਨਵੇਂ ਸਾਲ ਦੇ ਆਏ ਵਧਾਈਆਂ ਦੇ ਕਾਰਡਾਂ ਨੂੰ ਪਿੰਨ ਲਗਾ ਕੇ ਕਮਰੇ ਦੇ ਇਕ ਕੋਨੇ ਵਿਚ ਟੰਗਣਾ ਤੇ ਇਹ ਦੱਸਣ ਦੀ ਕੋਸ਼ਿਸ਼ ਕਰਨੀ ਕਿ ਸਾਨੂੰ ਵਧਾਈਆਂ ਦੇ ਇਤਨੇ ਸੋਹਣੇ ਸੋਹਣੇ ਤੇ ਸਭ ਤੋਂ ਜ਼ਿਆਦਾ ਕਾਰਡ ਆਏ... ਉਸ ਸਮੇਂ ਦੀਆਂ ਆਪਣੀਆਂ ਹੀ ਯਾਦਾਂ ਨੇ... ਅੱਜ ਤੋਂ ਲਗਭਗ 1 ਡੇਢ ਦਹਾਕੇ ਪਹਿਲਾਂ ਨਵੇਂ ਸਾਲ ਦੀ ਆਮਦ 'ਤੇ ਵਧਾਈ ਕਾਰਡ ਭੇਜਣ ਦਾ ਆਪਣਾ ਹੀ ਪ੍ਰਚਲਣ ਸੀ। ਦਸੰਬਰ ਦੇ ਪਹਿਲੇ ਹਫ਼ਤੇ ਤੋਂ ਹੀ ਬਾਜ਼ਾਰਾਂ ਵਿੱਚ ਦੁਕਾਨਾਂ 'ਤੇ ਵੱਖ ਵੱਖ ਰੰਗਾਂ, ਰੂਪਾਂ ਤੇ ਡਿਜ਼ਾਈਨਾਂ ਵਾਲੇ ਵਧਾਈ ਕਾਰਡ ਮਿਲਣੇ ਸ਼ੁਰੂ ਹੋ ਜਾਂਦੇ ਸਨ। ਕੁਝ ਸਾਲ ਤਾਂ ਇਨ੍ਹਾਂ ਕਾਰਡਾਂ ਦਾ ਇੰਨਾ ਜ਼ੋਰ ਰਿਹਾ ਕਿ ਡਾਕਖਾਨੇ ਵਾਲਿਆਂ ਨੂੰ ਵਿਸ਼ੇਸ਼ ਸੂਚਨਾ ਦੇਣੀ ਪੈਂਦੀ ਸੀ ਕਿ ਨਵੇਂ ਸਾਲ ਦੇ ਵਧਾਈ ਕਾਰਡ ਸਮੇਂ ਸਿਰ ਨਿਸ਼ਚਿਤ ਥਾਂ 'ਤੇ ਪਹੁੰਚਾਉਣ ਲਈ 15-16 ਦਸੰਬਰ ਤਕ ਲੈਟਰ ਬਾਕਸਾਂ ਵਿੱਚ ਪਾ ਦਿਓ।

ਜਲੰਧਰ ਸ਼ਹਿਰ ਵਿਚ ਤਾਂ ਕਈ ਦੁਕਾਨਾਂ ਤਾਂ ਸਿਰਫ਼ ਤੇ ਸਿਰਫ਼ ਗਰੀਟਿੰਗ ਕਾਰਡਾਂ ਦੀਆਂ ਹੀ ਹੁੰਦੀਆਂ ਸਨ ਜਿੱਥੇ ਸਿਰਫ਼ ਵਧਾਈ ਕਾਰਡ ਹੀ ਵਿਕਦੇ ਸਨ। ਇਨ੍ਹਾਂ ਦੁਕਾਨਾਂ 'ਤੇ ਹਰ ਮੌਸਮ, ਤਿਉਹਾਰ ਅਤੇ ਗ਼ਮੀ-ਖੁਸ਼ੀ ਵਾਲੇ ਕਾਰਡ ਉਪਲਬਧ ਹੁੰਦੇ ਸਨ ਤੇ ਗਾਹਕ ਉੱਥੋਂ ਆਪਣੀ ਪਸੰਦ ਦੀ ਭਾਵਨਾ ਵਾਲਾ ਕਾਰਡ ਪ੍ਰਾਪਤ ਕਰ ਸਕਦਾ ਸੀ।

ਇਨ੍ਹਾਂ ਦਿਨਾਂ ਵਿਚ ਕਾਰਡਾਂ ਨੂੰ ਤਿਆਰ ਕਰਨ ਵਾਲੀਆਂ ਕੰਪਨੀਆਂ ਵਿਚ ਆਰਚੀਜ਼ ਅਤੇ ਹਾਲ ਮਾਰਕ ਦੀ ਕਾਫ਼ੀ ਚੜ੍ਹਤ ਰਹੀ ਪਰ ਫਿਰ ਹੌਲੀ-ਹੌਲੀ ਹੋਰਨਾਂ ਕੰਪਨੀਆਂ ਨੇ ਵੀ ਇਸ ਖੇਤਰ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ ਅਤੇ ਖੂਬ ਕਮਾਈ ਕੀਤੀ। ਜਦੋਂ ਮੈਂ 10ਵੀਂ ਗਿਆਰਵੀਂ ਵਿਚ ਪੜ੍ਹਦਾ ਹੁੰਦਾ ਸੀ ਤਾਂ ਮੈਂ ਵੀ ਆਪਣੇ ਜਾਣਕਾਰਾਂ ਨੂੰ ਨਵੇਂ ਸਾਲ ਦੇ ਵਧਾਈ ਕਾਰਡ ਭੇਜਦਾ ਰਿਹਾ ਹਾਂ। ਮੈਂ ਨਵੇਂ ਸਾਲ ਮੌਕੇ ਆਪਣੇ ਖਾਸ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਨਵੇਂ ਸਾਲ ਦੇ ਵਧਾਈ ਕਾਰਡ ਭੇਜਣੇ। ਮੈਂ ਸੋਹਣੇ ਸੋਹਣੇ ਡਿਜ਼ਾਈਨਾਂ ਵਾਲੇ ਰਿਸ਼ਤੇਦਾਰਾਂ ਵਾਸਤੇ ਅਲੱਗ, ਦੋਸਤਾਂ ਵਾਸਤੇ ਅਲੱਗ ਅਤੇ ਆਪਣੀ ਵੱਡੀ ਭੈਣ ਲਈ ਬਹੁਤ ਹੀ ਖਾਸ ਅਤੇ ਸਾਰਿਆਂ ਤੋਂ ਅਲੱਗ ਕਾਰਡ ਲੈਣਾ ਅਤੇ ਭੇਜਣਾ। ਉਦੋਂ ਡਾਕ ਪ੍ਰਬੰਧ ਇੰਨਾ ਵਧੀਆ ਸੀ ਕਿ 3-4 ਦਿਨਾਂ ਵਿੱਚ ਹੀ ਨਿਸ਼ਚਿਤ ਥਾਂ 'ਤੇ ਕਾਰਡ ਮਿਲ ਜਾਂਦਾ ਸੀ। ਇਹ ਵਧਾਈ ਕਾਰਡ ਸਿਰਫ਼ ਮੈਂ ਹੀ ਨਹੀਂ ਸਾਂ ਭੇਜਦਾ, ਸਗੋਂ ਵੱਖ-ਵੱਖ ਲੋਕਾਂ, ਜਾਣਕਾਰਾਂ, ਰਿਸ਼ਤੇਦਾਰਾਂ, ਸਨੇਹੀਆਂ, ਸੰਸਥਾਵਾਂ, ਅਖ਼ਬਾਰਾਂ ਦੇ ਸੰਪਾਦਕਾਂ ਤੇ ਲੇਖਕਾਂ ਵੱਲੋਂ ਸਮੇਂ-ਸਮੇਂ ਸਿਰ ਮਿਲਦੇ ਰਹੇ ਹਨ। 2003-04 ਤੱਕ ਮੈਂ ਕਰੀਬ 23-24 ਕਾਰਡ ਜ਼ਰੂਰ ਭੇਜਦਾ ਰਿਹਾ ਤੇ ਇੰਨੇ ਹੀ ਮੈਨੂੰ ਮਿਲਦੇ ਰਹੇ। ਪਰ ਹੌਲੀ ਹੌਲੀ ਸਮਾਂ ਬਦਲਿਆ, ਇਕ ਦੂਜੇ ਨੂੰ ਵਧਾਈ ਸੰਦੇਸ਼ ਦੇਣ ਦੇ ਢੰਗ ਵੀ ਬਦਲ ਗਏ। ਗਰੀਟਿੰਗ ਕਾਰਡ ਭੇਜਣ ਦੀ ਥਾਂ 'ਤੇ ਲੋਕਾਂ ਸਾਹਮਣੇ ਹੋਰ ਸਾਧਨ ਆ ਗਏ। ਅੱਜਕੱਲ੍ਹ ਦਾ ਸਮਾਂ ਤਕਨਾਲੋਜੀ ਦਾ ਸਮਾਂ ਹੈ ਤੇ ਹੁਣ ਵਧਾਈ ਕਾਰਡਾਂ ਦੀ ਖਰੀਦੋ-ਫਰੋਖ਼ਤ ਵਿੱਚ ਕੋਈ ਆਪਣਾ 'ਕੀਮਤੀ ਸਮਾਂ' ਬਰਬਾਦ ਨਹੀਂ ਕਰਨਾ ਚਾਹੁੰਦਾ। ਵਧਾਈ ਕਾਰਡਾਂ ਦੇ ਬਦਲ ਵਿਚ ਸਭ ਤੋਂ ਪਹਿਲਾਂ ਲੈਂਡਲਾਈਨ ਫੋਨ ਆਏ। ਅਸੀਂ ਕਾਰਡ ਭੇਜਣ ਦੀ ਜਗ੍ਹਾ 31 ਦਸੰਬਰ ਦੀ ਰਾਤ ਨੂੰ ਹੀ ਆਪਣੇ ਚਾਹੁਣ ਵਾਲਿਆਂ ਨੂੰ ਫ਼ੋਨ 'ਤੇ ਵਧਾਈ ਦੇਣਾ ਸ਼ੁਰੂ ਕਰ ਦਿੱਤਾ ਤੇ ਸਾਨੂੰ ਵੀ ਫ਼ੋਨ ਆਉਣੇ। ਸਵੇਰੇ ਉੱਠ ਕੇ ਇਹ ਚਰਚਾ ਕਰਨੀ ਕੇ ਸਭ ਤੋਂ ਪਹਿਲਾਂ ਵਧਾਈ ਦਾ ਫ਼ੋਨ ਕਿਸਦਾ ਆਇਆ। ਇਸ ਦੌਰ ਦੌਰਾਨ ਹੰਸ ਰਾਜ ਹੰਸ ਵੱਲੋਂ ਗਾਇਆ ਇਕ ਗੀਤ ਬਹੁਤ ਮਕਬੂਲ ਹੋਇਆ "ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ, ਜਦੋਂ ਦਾ ਟੈਲੀਫੋਨ ਲੱਗਿਆ।" ਫ਼ੋਨ ਕਰਕੇ ਗਰੀਟਿੰਗ ਕਾਰਡ ਭੇਜਣ ਦੇ ਰੁਝਾਨ ਨੂੰ ਇਤਨੀ ਢਾਹ ਨਹੀਂ ਲਗੀ ਜਿਤਨੀ ਮੋਬਾਈਲ ਫ਼ੋਨ ਆਉਣ ਨਾਲ ਲੱਗੀ। ਜਦੋਂ ਮੋਬਾਈਲ ਦੀ ਆਮਦ ਹੋਈ ਲੋਕਾਂ ਨੇ ਐਸ.ਐਮ.ਐਸ. ਨੂੰ ਚੰਗਾ ਸਾਧਨ ਬਣਾਇਆ ਅਤੇ ਇਸ ਰਾਹੀਂ ਖੂਬ ਮਨੋਭਾਵ ਸਾਂਝੇ ਕੀਤੇ ਪਰ ਅਜੇ ਵੀ ਗਰੀਟਿੰਗ ਕਾਰਡ ਭੇਜਣ ਦਾ ਰੁਝਾਨ ਜਾਰੀ ਸੀ। ਹੱਦ ਤਾਂ ਉਦੋਂ ਹੋਈ ਜਦੋਂ ਸਮਾਰਟਫੋਨ, ਆਈਫੋਨ, ਐਂਡਰਾਇਡ ਫੋਨ ਆਦਿ ਮਾਰਕੀਟ ਵਿੱਚ ਛਾ ਗਏ ਤਾਂ ਲੋਕਾਂ ਦੇ ਕਰੇਜ਼ ਦੀ ਹੱਦ ਨਾ ਨਹੀਂ।

ਅੱਜ ਦੇ ਸਮੇਂ ਹਰ ਵਿਅਕਤੀ ਗਰੀਟਿੰਗ ਕਾਰਡ ਭੇਜਣ ਦੀ ਥਾਂ 'ਤੇ ਵਟਸਐਪ, ਫੇਸਬੁੱਕ, ਮੈਸੰਜਰ, ਹਾਈਕ ਮੈਸੰਜਰ, ਇਮੋ ਆਦਿ ਰਾਹੀਂ ਨਵੇਂ ਸਾਲ ਜਾਂ ਹੋਰ ਮੌਕਿਆਂ ਲਈ ਵਧਾਈ ਸੰਦੇਸ਼ ਭੇਜਣ ਲਈ ਸੌਖ ਮਹਿਸੂਸ ਕਰਦਾ ਹੈ, ਕਿਉਂਕਿ ਅਸੀਂ ਘਰ ਬੈਠੇ-ਬਿਠਾਏ ਆਪਣੇ ਜਾਣਕਾਰ ਨਾਲ ਸਕਿੰਟਾਂ ਦੇ ਸਮੇਂ ਵਿੱਚ ਆਪਣੀ ਭਾਵਨਾ ਪਹੁੰਚਾ ਸਕਦੇ ਹਾਂ। ਨਾ ਕਾਰਡ ਖਰੀਦਣ ਦਾ ਝੰਜਟ, ਐਡਰੈੱਸ ਲਿਖਣ, ਨਾ ਪੋਸਟ ਕਰਨ ਤੇ ਨਾ ਹੀ ਭੇਜਣ ਵਾਲੇ ਤੱਕ ਪਹੁੰਚਣ ਲਈ ਉਡੀਕਣ ਦਾ ਸਮਾਂ ਇਸ ਵਿੱਚ ਖਰਚ ਹੁੰਦਾ ਹੈ। ਬਸ ਇਧਰੋਂ ਤੁਸੀਂ ਸੰਪਰਕ ਕੀਤਾ, ਉਧਰੋਂ ਦੂਜੇ ਨੇ ਤੁਹਾਡੀ ਗੱਲ ਵੇਖੀ-ਸੁਣੀ ਤੇ ਤੁਰੰਤ ਉਸ ਦਾ ਜਵਾਬ ਵੀ ਤੁਹਾਨੂੰ ਭੇਜ ਦਿੱਤਾ। ਅੱਜ ਦੇ ਦੌਰ ਵਿਚ ਭਾਵੇਂ ਸਭ ਕੁੱਝ ਸੌਖਾ ਹੋ ਗਿਆ ਹੈ ਪਰ ਫਿਰ ਵੀ ਜਦੋਂ ਅਸੀਂ ਕਿਸੇ ਨੂੰ ਗਰੀਟਿੰਗ ਕਾਰਡ ਭੇਜਦੇ ਸੀ ਤਾਂ ਉਸ ਤੋਂ ਸਾਡੀ ਸਮੁੱਚੀ ਸ਼ਖਸੀਅਤ ਨਜ਼ਰ ਆਉਂਦੀ ਸੀ ਤੇ ਦੂਰੀ ਦੀ ਇਕ ਤੜਪ ਮਹਿਸੂਸ ਹੁੰਦੀ ਸੀ ਪਰ ਹੁਣ ਸ਼ਾਇਦ ਵੈੱਟਸਐਪ, ਫੇਸਬੁੱਕ ਤੇ ਹੋਰ ਮੈਸੈਂਜਰਾਂ ਰਾਹੀਂ ਭੇਜੇ ਗਏ ਸੁਨੇਹਿਆਂ ਵਿਚ ਇਹ ਖਿਚ, ਪਿਆਰ ਤੇ ਤੜਪ ਦੀ ਭਾਵਨਾ ਨਹੀਂ ਪ੍ਰਗਟ ਹੁੰਦੀ....।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA




# ਏ ਸਟਾਰ ਡੋਰਜ਼ ਐਂਡ ਮੋਲਡਿੰਗ ਕੰਪਨੀ ਵੱਲੋਂ ਸ਼ਾਨਦਾਰ ਸਲਾਨਾ ਪਾਰਟੀ

ਸਰੀ (ਹਰਦਮ ਮਾਨ)- ਸਰੀ ਦੀ ਪ੍ਰਸਿੱਧ ਕੰਪਨੀ 'ਏ-ਸਟਾਰ ਡੋਰਜ਼ ਐਂਡ ਮੋਲਡਿੰਗਜ਼ ਲਿਮਟਿਡ' ਵੱਲੋਂ ਹਰ ਸਾਲ ਵਾਂਗ ਧਾਲੀਵਾਲ ਬੈਂਕੁਇਟ ਹਾਲ ਵਿਚ ਸਾਲਾਨਾ ਪਾਰਟੀ ਮੌਕੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਗਾਇਕ ਇੰਦੀ ਸੰਘੇੜਾ ਅਤੇ ਲੋਕਲ ਕਲਾਕਾਰਾਂ ਨੇ ਆਪਣੀ ਗਾਇਕੀ ਦੇ ਵੱਖ ਵੱਖ ਰੰਗਾਂ ਨਾਲ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਬੀਤੇ ਵਰ੍ਹੇ ਨੂੰ ਅਲਵਿਦਾ ਕਹਿੰਦਿਆਂ ਅਤੇ ਨਵੇਂ ਸਾਲ ਨੂੰ ਖੁਸ਼ ਆਮਦੀਦ ਕਹਿੰਦਿਆਂ ਇਸ ਪਾਰਟੀ ਵਿੱਚ ਕੰਪਨੀ ਦੇ ਸੱਦੇ 'ਤੇ ਸ਼ਹਿਰ ਦੀਆਂ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਕੰਪਨੀ ਦੇ ਸੀਈਓ ਗੁਰਦੀਪ ਸਿੰਘ ਨੇ ਸਭਨਾਂ ਸ਼ਖ਼ਸੀਅਤਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਪ੍ਰਸਿੱਧ ਮੰਚ ਸੰਚਾਲਕ ਲੱਖਾ ਸਿੱਧਵਾਂ ਨੇ ਆਪਣੇ ਸ਼ਿਅਰਾਂ ਨਾਲ ਕਲਾਕਾਰਾਂ ਅਤੇ ਸਰੋਤਿਆਂ ਵਿਚ ਇਕਸੁਰਤਾ ਬਣਾਈ ਰੱਖਣ ਦਾ ਕਾਰਜ ਬਾਖ਼ੂਬੀ ਨਿਭਾਇਆ। ਅੰਤ ਵਿਚ 'ਏ-ਸਟਾਰ ਡੋਰਜ਼ ਐਂਡ ਮੋਲਡਿੰਗਜ਼ ਲਿਮਟਿਡ' ਦੇ ਮਾਲਕ ਮਨਧੀਰ ਸਿੰਘ ਉੱਪਲ ਅਤੇ ਬਲਜੀਤ ਸਿੰਘ ਗਰੇਵਾਲ ਨੇ ਸਾਰੇ ਗਾਇਕਾਂ, ਸਾਜ਼ਿੰਦਿਆਂ ਅਤੇ ਪ੍ਰੋਗਰਾਮ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।






# ‘ਲੋਹੜੀ’ ਨੂੰ ਸਹੀ ਭਾਵਨਾ ਨਾਲ ਮਨਾਉਣ ਦੀ ਲੋੜ



ਸਾਰੇ ਸੰਸਾਰ ਵਿਚ ਬਹੁਤੇ ਤਿਓਹਾਰ ਰੁੱਤਾਂ ਦੇ ਬਦਲਣ ਨਾਲ ਹੋਂਦ ਵਿਚ ਆਏ ਹਨ। ਲੋਹੜੀ ਦਾ ਤਿਓਹਾਰ ਵੀ ਬਹੁਤੀ ਠੰਢ ਹੋਣ ਦੇ ਸਮੇਂ ਵਿਚ ਆਉਂਦਾ ਹੈ। ਇਸ ਲਈ ਠੰਢ ਤੋਂ ਬਚਣ ਲਈ ਅੱਗ ਬਾਲ ਕੇ ਠੰਢ ਨੂੰ ਅਲਵਿਦਾ ਕਹਿਣ ਦੀ ਚੇਸ਼ਟਾ ਕੀਤੀ ਜਾਂਦੀ ਹੈ। ਇਸ ਦਿਨ ਕਿਸਾਨ ਦੇ ਘਰ ਵਿਚ ਕਈ ਫਸਲਾਂ ਮਕੱਈ, ਬਾਜਰਾ, ਤਿਲ, ਮੂੰਗਫਲੀ ਆਦਿ ਆਉਂਦੀਆਂ ਹਨ ਤੇ ਉਹ ਇਸ ਦੀ ਖੁਸ਼ੀ ਮਨਾਉਂਦਾ ਹੋਇਆ ਸ਼ੁਕਰਾਨੇ ਵਜੋਂ ਅੱਗ ਬਾਲ ਕੇ ਪਹਿਲਾਂ ਇਨ੍ਹਾਂ ਵਸਤਾਂ ਨੂੰ ਅੱਗ ਵਿਚ ਬਾਲ ਕੇ ਆਪਣਾ ਸ਼ੁਕਰੀਆ ਪਰਮਾਤਮਾ ਅੱਗੇ ਭੇਟ ਕਰਦਾ ਹੈ। ਭਾਰਤੀ ਤਿਓਹਾਰਾਂ ਨਾਲ ਕਈ ਧਰਮਾਂ ਨੂੰ ਵੀ ਜੋੜ ਕੇ ਦੇਖਣ ਦੀ ਪ੍ਰਵਿਰਤੀ ਹੈ। ਇਸ ਨਾਲ ਕਈ ਪਰੰਪਰਾਗਤ ਕਥਾਵਾਂ ਵੀ ਜੁੜੀਆਂ ਹੋਈਆਂ ਹਨ।

ਲੋਹੜੀ ਇਕ ਖੁਸ਼ੀਆਂ ਵੰਡਣ ਵਾਲਾ, ਆਸਾਂ ਉਮੰਗਾਂ ਵਾਲਾ ਤਿਉਹਾਰ ਹੈ ਜੋ ਸਾਰੇ ਭਾਰਤ ਤੇ ਵਿਦੇਸ਼ਾਂ ਵਿਚ ਜਿਥੇ ਵੀ ਭਾਰਤੀ ਵਸਦੇ ਹਨ, ਬੜੇ ਹੁਲਾਸ ਨਾਲ ਮਨਾਇਆ ਜਾਂਦਾ ਹੈ। ਇਹ ਮਾਘ ਮਹੀਨੇ ਦੇ ਚੜ੍ਹਨ ਤੋਂ ਅਰਥਾਤ ਮਕਰ ਸੰਕ੍ਰਾਂਤੀ ਤੋਂ ਇਕ ਦਿਨ ਪਹਿਲਾਂ ਆਉਂਦਾ ਹੈ। ਸਿੱਖ ਮਾਘੀ 40 ਮੁਕਤਿਆਂ ਦੀ ਯਾਦ ਵਿਚ ਮੁਨਾਉਂਦੇ ਹਨ। ਇਸ ਤ੍ਹਰਾਂ ਇਹ ਦੋ ਤਿਓਹਾਰ ਸਾਡੀ ਧਾਰਮਿਕ ਆਸਥਾ ਨੂੰ ਪੇਸ਼ ਕਰਦੇ ਹਨ। ਲੋਹੜੀ ਦੇ ਇਸ ਪਵਿੱਤਰ ਤਿਓਹਾਰ ਨਾਲ ਕੁਝ ਪ੍ਰਸ਼ਨ ਵੀ ਜੁੜ ਗਏ ਹਨ ਜਿਨ੍ਹਾਂ ਬਾਰੇ ਵੀ ਵਿਚਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਭਾਸ਼ਾ ਦੇ ਨੁਕਤੇ ਤੋਂ ਇਹ ਲੋਹੜੀ ਸ਼ਬਦ ਤਿਲ ਅਤੇ ਰੋੜੀ ਦੇ ਸੁਮੇਲ ਤੋਂ ਬਣਿਆ ਹੈ। ਕਈ ਥਾਵਾਂ ‘ਤੇ ਇਹ ਲੋਈ ਤੇ ਲੋਹੀ ਪੁਕਾਰਿਆ ਜਾਂਦਾ ਹੈ। ਸਾਰੇ ਸੰਸਾਰ ਵਿਚ ਬਹੁਤੇ ਤਿਓਹਾਰ ਰੁੱਤਾਂ ਦੇ ਬਦਲਣ ਨਾਲ ਹੋਂਦ ਵਿਚ ਆਏ ਹਨ। ਲੋਹੜੀ ਦਾ ਤਿਓਹਾਰ ਵੀ ਬਹੁਤੀ ਠੰਢ ਹੋਣ ਦੇ ਸਮੇਂ ਵਿਚ ਆਉਂਦਾ ਹੈ। ਇਸ ਲਈ ਠੰਢ ਤੋਂ ਬਚਣ ਲਈ ਅੱਗ ਬਾਲ ਕੇ ਠੰਢ ਨੂੰ ਅਲਵਿਦਾ ਕਹਿਣ ਦੀ ਚੇਸ਼ਟਾ ਕੀਤੀ ਜਾਂਦੀ ਹੈ। ਇਸ ਦਿਨ ਕਿਸਾਨ ਦੇ ਘਰ ਵਿਚ ਕਈ ਫਸਲਾਂ ਮਕੱਈ, ਬਾਜਰਾ, ਤਿਲ, ਮੂੰਗਫਲੀ ਆਦਿ ਆਉਂਦੀਆਂ ਹਨ ਤੇ ਉਹ ਇਸ ਦੀ ਖੁਸ਼ੀ ਮਨਾਉਂਦਾ ਹੋਇਆ ਸ਼ੁਕਰਾਨੇ ਵਜੋਂ ਅੱਗ ਬਾਲ ਕੇ ਪਹਿਲਾਂ ਇਨ੍ਹਾਂ ਵਸਤਾਂ ਨੂੰ ਅੱਗ ਵਿਚ ਬਾਲ ਕੇ ਆਪਣਾ ਸ਼ੁਕਰੀਆ ਪਰਮਾਤਮਾ ਅੱਗੇ ਭੇਟ ਕਰਦਾ ਹੈ। ਭਾਰਤੀ ਤਿਓਹਾਰਾਂ ਨਾਲ ਕਈ ਧਰਮਾਂ ਨੂੰ ਵੀ ਜੋੜ ਕੇ ਦੇਖਣ ਦੀ ਪ੍ਰਵਿਰਤੀ ਹੈ। ਇਸ ਨਾਲ ਕਈ ਪਰੰਪਰਾਗਤ ਕਥਾਵਾਂ ਵੀ ਜੁੜੀਆਂ ਹੋਈਆਂ ਹਨ।

ਲੋਹੜੀ ਨਾਲ ਵੀ ਇਕ ਪ੍ਰਸਿੱਧ ਪਰੰਪਰਾਗਤ ਕਹਾਣੀ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਤੇ ਮੁੰਦਰੀ ਸਨ ਜਿਨ੍ਹਾਂ ਦੀ ਸ਼ਾਦੀ ਉਸ ਨੇ ਨਿਸਚਿਤ ਕਰ ਦਿੱਤੀ ਪਰ ਉਸ ਦਾ ਬਾਪ ਸ਼ਾਦੀ ਛੇਤੀ ਇਸ ਲਈ ਕਰਨਾ ਚਾਹੁੰਦਾ ਸੀ ਕਿਉਂਕਿ ਉਸ ਖੇਤਰ ਦਾ ਮਾਲਕ ਉਨ੍ਹਾਂ ਲੜਕੀਆਂ ’ਤੇ ਮਾੜੀ ਨਜ਼ਰ ਰੱਖਦਾ ਸੀ। ਇਸ ਆਲਮ ਵਿਚ ਬਜ਼ੁਰਗ ਬਾਪ ਇਕ ਵਾਰੀ ਜੰਗਲ ਵਿਚੋਂ ਗੁਜ਼ਰ ਰਿਹਾ ਸੀ ਤਾਂ ਉਸ ਦੀ ਭੇਟ ਉਸ ਸਮੇਂ ਦੇ ਮਸ਼ਹੂਰ ਬਾਗੀ ਦੁੱਲਾ ਭੱਟੀ ਨਾਲ ਹੋਈ। ਦੁੱਲਾ ਭੱਟੀ ਬਾਰੇ ਇਹ ਮਸ਼ਹੂਰ ਸੀ ਕਿ ਉਹ ਗਰੀਬਾਂ ਦੀ ਮਦਦ ਕਰਦਾ ਸੀ। ਬਜ਼ੁਰਗ ਨੇ ਆਪਣੀ ਤੇ ਲੜਕੀਆਂ ਦੀ ਰੱਖਿਆ ਦੀ ਮੰਗ ਕੀਤੀ। ਦੁੱਲਾ ਭੱਟੀ ਉਨ੍ਹਾਂ ਘਰਾਂ ਵਿਚ ਗਿਆ ਜਿਸ ਥਾਂ ‘ਤੇ ਸ਼ਾਦੀ ਨਿਸਚਿਤ ਕੀਤੀ ਹੋਈ ਸੀ। ਦੁੱਲਾ ਭੱਟੀ ਨੇ ਲੱਕੜੀਆਂ ਇੱਕਠੀਆਂ ਕਰਕੇ ਤੇ ਜੰਗਲ ਵਿਚ ਅੱਗ ਬਾਲ ਕੇ ਪਵਿੱਤਰ ਅੱਗ ਦੁਆਲੇ ਤੇ ਆਪ ਧਰਮੀ ਬਾਬਲ ਬਣ ਕੇ ਉਨ੍ਹਾਂ ਦੀ ਸ਼ਾਦੀ ਕਰਵਾ ਦਿੱਤੀ। ਉਸ ਦਿਨ ਤੋਂ ਪੰਜਾਬ ਵਿਚ ਪਰੰਪਰਾ ਵਿਕਸਿਤ ਹੋ ਗਈ ਕਿ ਇਸ ਦਿਨ ਲੋਹੜੀ ਬਾਲੀ ਜਾਂਦੀ ਹੈ। ਇਸ ਲੋਕ ਗਾਥਾ ਨਾਲ ਇਕ ਲੋਕ ਸੁਰ ਲੋਹੜੀ ਵਾਲੇ ਦਿਨ ਵਿਸ਼ੇਸ਼ ਤੌਰ ‘ਤੇ ਗਾਈ ਜਾਂਦੀ ਹੈ ਤੇ ਇਹ ਸੁਰ ਪੰਜਾਬੀ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦੀ ਹੈ। ‘ਸੁੰਦਰ ਮੁੰਦਰੀਏ, ਹੋ, ਤੇਰਾ ਕੌਣ ਵਿਚਾਰਾ, ਹੋ, ਦੁੱਲਾ ਭੱਟੀ ਵਾਲਾ, ਹੋ, ਦੁੱਲੇ ,ਨੇ ਧੀ ਵਿਆਹੀ, ਹੋ।’ ਕੁਝ ਹੋਰ ਪੁਰਾਣਕ ਕਥਾਵਾਂ ਵੀ ਇਸ ਨਾਲ ਜੁੜੀਆਂ ਹੋਈਆਂ ਹਨ। ਹੁਣ ਲੋਹੜੀ ਨੇ ਵੀ ਸਮਾਜਿਕ ਸਥਿਤੀ ਅਨੁਸਾਰ ਆਪਣਾ ਰੂਪ ਬਦਲਿਆ ਹੈ।

ਹੁਣ ਵਿਖਾਵੇ ਦੀ ਰੁਚੀ ਇਸ ਵਿਚ ਬਹੁਤ ਵਧ ਗਈ ਹੈ। ਖਾਣ ਪੀਣ ਦੀਆਂ ਵਸਤਾਂ ਵਿਚ ਬਹੁਤ ਪਰਿਵਰਤਨ ਆਇਆ ਹੈ, ਜਿਸ ਨਿੱਗਰ ਪ੍ਰੰਪਰਾ ਤੇ ਸਾਡਾ ਲੋਹੜੀ ਦਾ ਤਿਓਹਾਰ ਟਿਕਿਆ ਹੋਇਆ ਹੈ ਤੇ ਜੋ ਪੰਜਾਬੀ ਸੱਭਿਆਚਾਰ ਦੀ ਖੁਸ਼ਬੂ ਉਸ ਵਿਚੋਂ ਆਉਂਦੀ ਹੈ, ਉਸ ਨੂੰ ਸਾਂਭਣ ਦੀ ਲੋੜ ਹੈ ਤੇ ਉਸ ਨੂੰ ਹੋਰ ਵਿਕਸਤ ਕਰਨ ਦੀ ਲੋੜ ਹੈ ਤਾਂ ਜੋ ਇਸ ਦੀ ਸਾਰਥਿਕਤਾ ਤੇ ਕਿੰਤੂ ਨਾ ਕੀਤਾ ਜਾ ਸਕੇ। ਕਈ ਥਾਵਾਂ ’ਤੇ ਪਰਿਵਾਰ ਛੋਟੇ ਹੋਣ ਕਰਕੇ ਲੜਕੀ ਦੀ ਲੋਹੜੀ ਮਨਾਉਣੀ ਸ਼ੁਰੂ ਤਾਂ ਹੋਈ ਹੈ ਪਰ ਇਹ ਪ੍ਰਤੀਸ਼ਤ ਸੰਤੋਸ਼ਜਨਕ ਨਹੀਂ ਹੈ। ਪਰੰਪਰਾਮਈ ਮਨਾਈ ਜਾਂਦੀ ਲੋਹੜੀ ਵਿਚ ਸਭਿਆਚਾਰ ਦੀ ਖੁਸ਼ਬੂ ਪਰਾਪਤ ਹੁੰਦੀ ਸੀ। ਇਸ ਵਿਚ ਰਿਓੜੀ, ਗੱਚਕ, ਤਾਜ਼ਾ ਗੁੜ ਦੀ ਸੁਗੰਧੀ ਮਿਲੀ ਹੋਈ ਨਜ਼ਰ ਆਉਂਦੀ ਸੀ ਪਰ ਹੁਣ ਲੋਕ ਪੁਰਾਣੀਆਂ ਵਸਤਾਂ ਨਾਲ ਸਬਰ ਨਹੀ ਕਰਦੇ ਸਗੋਂ ਮਹਿੰਗੀਆਂ ਮਠਿਆਈਆਂ ਦੇ ਡੱਬੇ ਲੈ ਕੇ ਇਕ ਦੂਸਰੇ ਨੂੰ ਸੁਗਾਤ ਵਜੋਂ ਦਿੰਦੇ ਹਨ, ਜਿਨ੍ਹਾਂ ਵਿਚ ਮਿਲਾਵਟ ਹੋਣ ਦੀ ਵੀ ਸੰਭਾਵਨਾ ਸਦਾ ਬਣੀ ਹੀ ਰਹਿੰਦੀ ਹੈ। ਅਜੋਕੀ ਲੋਹੜੀ ਦੇ ਗੀਤ ਜੋ ਦਿਨੋ-ਦਿਨ ਵਧੇਰੇ ਵਿਕਸਤ ਹੋ ਰਹੀ ਹੈ, ਉਸ ਵਿਚ ਭੰਗੜੇ ਗਿੱਧੇ ਦੀ ਥਾਪ ਹੁਣ ਕਿਤੇ-ਕਿਤੇ ਹੀ ਸੁਣਾਈ ਦਿੰਦੀ ਹੈ ਤੇ ਕਲੱਬ ਕਲਚਰ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ, ਜਿਥੇ ਨੰਗੇ ਨਾਚ ਕੈਬਰੇ ਵਧੇਰੇ ਵਿਕਸਤ ਹੋ ਰਹੇ ਹਨ। ਲੋਹੜੀ ਨੂੰ ਅਸੀਂ ਘਰਾਂ ਵਿਚੋਂ ਕੱਢ ਕੇ ਹੋਟਲਾਂ ਵਿਚ ਪਹੁੰਚਾ ਰਹੇ ਹਾਂ ਜਿਥੇ ਸ਼ਰਾਬਾਂ ਦੇ ਦੌਰ ਸਾਰੀ ਰਾਤ ਚਲਦੇ ਹਨ। ਰਾਤ ਨੂੰ ਅੱਗ ਬਾਲਣ ਦੇ ਵੀ ਤਰੀਕੇ ਬਦਲ ਰਹੇ ਹਨ ਜਿਸ ਨਾਲ ਧੂੰਆਂ ਬਹੁਤ ਪੈਦਾ ਹੁੰਦਾ ਹੈ ਤੇ ਪ੍ਰਦੂਸ਼ਣ ਦੀ ਸਮੱਸਿਆ ਵਿਚ ਵਾਧਾ ਹੁੰਦਾ ਹੈ। ਲੋਹੜੀ ਸਾਡੇ ਦਿਲਾਂ ਵਿਚ ਆਪਸੀ ਨਿੱਘ ਪੈਦਾ ਕਰੇ, ਇਹ ਹੀ ਕਾਮਨਾ ਕਰਨ ਦੀ ਲੋੜ ਹੈ।

—ਵਰਿੰਦਰ ਕੌਰ

ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8



# ਫ਼ਤਿਹ ਦੇ ਅਟੁੱਟ ਜਜ਼ਬੇ ਦੀ ਉਦਾਹਰਣ ਹੈ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ

**ਡਾ: ਰਾਜਵਿੰਦਰ ਸਿੰਘ**

ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਅਟੁੱਟ ਜਜ਼ਬੇ ਦੀ ਉਦਾਹਰਣ ਹੈ। ਇੱਥੋਂ ਦੀ ਜੰਗ ਦੁਨੀਆ ਦੇ ਇਤਿਹਾਸ ਵਿਚ ਸਮੂਹਿਕ ਸ਼ਹਾਦਤ, ਅਸਾਵੀਂ ਟੱਕਰ ਅਤੇ ਜਿੱਤ ਦੇ ਦਿ ?ੜ੍ਹ ਸੰਕਲਪ ਦੀ ਅਦੁੱਤੀ ਮਿਸਾਲ ਹੈ। ਇਸ ਜੰਗ ਵਿਚ ਮੁੱਠੀ-ਭਰ ਸਿੰਘਾਂ ਨੇ 500 ਸਾਲ ਪੁਰਾਣੇ ਸਾਮਰਾਜ ਦੇ ਭਾਰੀ ਗਿਣਤੀ ਵਿਚ ਮੁਲਖਈਏ ਦਾ ਰਾਹ ਰੋਕ ਲਿਆ ਅਤੇ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਣ ਦਿੱਤਾ। ਅਨੰਦਗੜ੍ਹ ਦਾ ਕਿਲ੍ਹਾ ਛੱਡਣ ਤੋਂ ਤੁਰੰਤ ਬਾਅਦ ਮੁਗ਼ਲਾਂ ਅਤੇ 22 ਧਾਰ ਦੇ ਰਾਜਿਆਂ ਨੇ ਆਪਣੀਆਂ ਕਸਮਾਂ ਅਤੇ ਇਕਰਾਰ ਤੋੜ ਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਸਿੰਘਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਸਰਸਾ ਨਦੀ ਵਿਚ ਮੁਠਭੇੜ ਤੋਂ ਬਾਅਦ ਚਮਕੌਰ ਦੀ ਜੰਗ ਉਪਰੰਤ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਤਮ ਕਰਨ ਲਈ ਮਾਲਵੇ ਵੱਲ ਫ਼ੌਜ ਲੈ ਕੇ ਚੜ੍ਹਾਈ ਕੀਤੀ। ਖਿਦਰਾਣੇ ਦੀ ਢਾਬ ਕੋਲ ਪੱਛਮੀ ਪਾਸੇ ਗੁਰੂ ਜੀ ਨੇ ਇਸ ਫ਼ੌਜ ਨਾਲ ਯੁੱਧ ਕਰਨ ਦੀ ਯੋਜਨਾ ਬਣਾਈ ਸੀ। ਮਾਝੇ ਤੋਂ ਆਏ ਸਿੰਘਾਂ ਦਾ ਜਥਾ ਵੀ ਇਧਰ ਹੀ ਆਇਆ ਹੋਇਆ ਸੀ। ਇਸ ਜਥੇ ਨੇ ਜਦੋਂ ਸ਼ਾਹੀ ਲਸ਼ਕਰ ਵੇਖਿਆ ਤਾਂ ਢਾਬ ਦੇ ਪੂਰਬੀ ਪਾਸੇ ਮੋਰਚੇ ਲਾ ਲਏ। ਜਿਸ ਯੁੱਧ ਵਿਚ 40 ਦੇ ਕਰੀਬ ਸਿੰਘ ਸਾਰੇ ਹੀ ਸ਼ਹੀਦ ਹੋ ਗਏ ਪਰ ਉਨ੍ਹਾਂ ਨੇ ਸ਼ਾਹੀ ਫ਼ੌਜ ਨੂੰ ਦਮੋਂ ਕੱਢ ਦਿੱਤਾ। ਸ਼ਾਹੀ ਫੌਜ ਦੋ ਕਿਲੋਮੀਟਰ ਵੀ ਅੱਗੇ ਵਧ ਕੇ ਗੁਰੂ ਸਾਹਿਬ ਦੇ ਸਾਹਮਣੇ ਨਾ ਹੋ ਸਕੀ। ਸਿੰਘਾਂ ਦੇ ਇਕ ਛੋਟੇ ਜਿਹੇ ਜਥੇ ਨੇ ਸ਼ਾਹੀ ਫ਼ੌਜ ਦਾ ਹਮਲਾ ਨਾਕਾਮ ਕਰ ਦਿੱਤਾ ਸੀ। ਸੂਰਬੀਰਤਾ ਦੀ ਇਹ ਅਦੁੱਤੀ ਮਿਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਆਦਰਸ਼ਾਂ ਅਤੇ ਅਮਲੀ ਪ੍ਰੇਰਨਾ ਦਾ ਸਿੱਟਾ ਸੀ। ਅਕਾਲ ਪੁਰਖ ਦੇ ਹੁਕਮਾਂ ਦੀ ਪਾਲਣਾ ਦੇ ਉਦੇਸ਼ ਲਈ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ। ਸਿੱਖੀ ਦੇ ਮਾਰਗ 'ਤੇ ਚੱਲਣ ਲਈ ਸਿਰ ਤਲੀ ਧਰਨ ਦੀ ਅਤੇ ਕਿਸੇ ਕਿਸਮ ਦੀ ਕੋਈ ਝਿਜਕ ਨਾ ਰੱਖਣ ਦੀ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੋ ਆਦਰਸ਼ ਖਾਲਸੇ ਦੇ ਸਾਹਮਣੇ ਰੱਖਿਆ ਸੀ। ਸ਼ਹਾਦਤ ਇਸ ਅੰਦਰਲੀ ਕਿਰਿਆ ਦਾ ਬਾਹਰੀ ਰੂਪ ਹੀ ਹੁੰਦਾ ਹੈ। ਆਤਮ ਬਲੀਦਾਨ ਦੀ ਭਾਵਨਾ ਸਿੱਖੀ ਦੀ ਹੀ ਦੇਣ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਤਮ ਬਲੀਦਾਨ ਦੇ ਕੇ ਇਸ ਪ੍ਰਥਾ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੇ ਨਕਸ਼-ਏ-ਕਦਮਾਂ 'ਤੇ ਚਲਦੇ ਹੋਏ ਅਣਗਿਣਤ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਤੇ ਆਪਣੇ ਖ਼ੂਨ ਨਾਲ ਇਸ ਧਰਤੀ ਤੋਂ ਜ਼ੁਲਮ ਤੇ ਪਾਪ ਨੂੰ ਸਾਫ਼ ਕੀਤਾ। ਗੁਰੂ ਸਾਹਿਬ ਜੀ ਦੇ ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ 'ਤੇ ਸ਼ਹੀਦ ਹੋਣ ਵਾਲੇ ਸਿੰਘਾਂ ਨੇ ਬਹੁਤ ਮਹਾਨ ਕਾਰਜ ਕੀਤਾ ਸੀ। ਇਹ ਸਿੱਖ ਭਾਵੇਂ ਕਿਸੇ ਵੇਲੇ ਗੁਰੂ ਜੀ ਕੋਲੋਂ ਚਲੇ ਗਏ ਅਤੇ ਲਿਖ ਕੇ ਬੇਦਾਵਾ ਦੇ ਗਏ ਸਨ। ਜਦੋਂ ਮੁੜ ਉਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਭੇਟ ਕਰ ਦਿੱਤਾ, ਤਦ ਗੁਰੂ ਸਾਹਿਬ ਦੇ ਦਿਲ ਵਿਚ ਉਨ੍ਹਾਂ ਲਈ ਅਥਾਹ ਪਿਆਰ ਜਾਗ ਉਠਿਆ। ਉਹ ਜੰਗ ਦੀ ਥਾਂ 'ਤੇ ਆਏ ਅਤੇ ਇਕ-ਇਕ ਸਿੰਘ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ। ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ, ਇਕੋ ਜਥੇਦਾਰ ਭਾਈ ਮਹਾਂ ਸਿੰਘ ਅਜੇ ਸਹਿਕ ਰਿਹਾ ਸੀ। ਗੁਰੂ ਸਾਹਿਬ ਨੇ ਜਦੋਂ ਭਾਈ ਮਹਾਂ ਸਿੰਘ ਦਾ ਸਿਰ ਗੋਦ ਵਿਚ ਲਿਆ ਤਾਂ ਕੁਝ ਮੰਗਣ ਲਈ ਕਿਹਾ। ਭਾਈ ਮਹਾਂ ਸਿੰਘ ਨੂੰ ਗੁਰੂ ਜੀ ਦਾ ਦਰਸ਼ਨ ਹੋ ਚੁੱਕਾ ਸੀ। ਉਸ ਨੇ ਹੋਰ ਕੀ ਮੰਗਣਾ ਸੀ। ਉਸ ਨੇ ਗੁਰੂ ਸਾਹਿਬ ਨੂੰ ਬੇਦਾਵਾ ਪਾੜ ਦੇਣ ਦੀ ਬੇਨਤੀ ਕੀਤੀ। ਸਿੱਖ ਲਈ ਗੁਰੂ ਦੀ ਕਿਰਪਾ ਪ੍ਰਸੰਨਤਾ ਬਹੁਤ ਵੱਡੀ ਦੌਲਤ ਹੈ, ਜੋ ਸਿਰ ਦੇ ਕੇ ਵੀ ਮਿਲਦੀ ਹੋਵੇ ਤਾਂ ਮਹਿੰਗੀ ਨਹੀਂ ਹੈ ਜਿਵੇਂ ਕਿ ਮਹਾਂ ਵਾਕ ਹੈ:

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥** (ਪੰਨਾ 1094)

ਗੁਰਮਤਿ ਅਨੁਸਾਰ ਸਤਿਗੁਰੂ ਜਿੱਡਾ ਦਾਤਾ ਕੋਈ ਨਹੀਂ ਜੋ



ਮਨੁੱਖ ਨੂੰ ਜੀਅ ਦਾਨ ਤੇ ਨਾਮ ਧਨ ਨਾਲ ਮਾਲਾ ਮਾਲ ਕਰ ਸਕਦਾ ਹੈ। ਸਤਿਗੁਰੂ ਦੀ ਸੇਵਾ ਸਿੱਖ ਇਸੇ ਲਈ ਕਰਦਾ ਹੈ ਕਿ ਉਹ ਇਸ ਕੂੜੇ ਤੇ ਝੂਠ ਦੇ ਸੰਸਾਰ ਵਿਚੋਂ ਨਿਕਲ ਕੇ ਸੱਚ ਦਾ ਰੂਪ ਹੋ ਸਕੇ। ਜਦੋਂ ਸਿੱਖ ਨਾਮ ਸਿਮਰਨ ਤੇ ਸੇਵਾ ਕਰਕੇ ਆਪਣੀ ਹਉਮੈ ਖੋ ਦਿੰਦਾ ਹੈ ਤੇ ਗੁਰੂ-ਚਰਨਾਂ ਵਿਚ ਆਪਣਾ ਆਪ ਨਿਛਾਵਰ ਕਰ ਦਿੰਦਾ ਹੈ ਤਾਂ ਉਸ ਦਾ ਸਾਧਨਾ ਪੱਖ ਮੁਕੰਮਲ ਹੋ ਜਾਂਦਾ ਹੈ। ਇਸ ਤੋਂ ਅੱਗੇ ਗੁਰੂ ਦਾ ਕਾਰਜ ਹੀ ਰਹਿ ਜਾਂਦਾ ਹੈ ਕਿ ਉਨ੍ਹਾਂ 'ਤੇ ਨਦਰਿ ਕਰਮਿ ਕਰਕੇ ਸੱਚ ਮੰਡਲ ਦੇ ਅਧਿਕਾਰੀ ਬਣਾ ਦੇਵੇ। ਇਹ ਸਿੱਖ ਚਾਹੁੰਦੇ ਤਾਂ ਜੰਗ ਤੋਂ ਡਰਦੇ ਕਿਧਰੇ ਪਾਸੇ ਵੀ ਹੋ ਸਕਦੇ ਸੀ। ਇਨ੍ਹਾਂ ਨੂੰ ਕਿਸੇ ਮਜਬੂਰੀ ਵੱਸ ਜੰਗ ਨਹੀਂ ਸੀ ਲੜਨਾ ਪਿਆ। ਇਨ੍ਹਾਂ ਨੇ ਗੁਰੂ ਦੀ ਸੇਵਾ ਵਿਚ ਧਰਮ ਦੇ ਕਾਰਜ ਲਈ ਆਪਣੀ ਮਰਜ਼ੀ ਨਾਲ ਸ਼ਹੀਦੀ ਦਿੱਤੀ ਸੀ। ਇਹ ਸਿੱਖ ਸਿੱਖੀ ਦੀ ਪ੍ਰੀਖਿਆ ਵਿਚ ਪੂਰੀ ਤਰ੍ਹਾਂ ਪਾਸ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਮੁਕਤੀ ਪ੍ਰਦਾਨ ਕੀਤੀ ਅਤੇ ਅਮਰ ਪਦਵੀ ਬਖ਼ਸ਼ੀ। ਇਨ੍ਹਾਂ ਦੇ ਮੁਕਤਿ ਪਦਵੀ ਪ੍ਰਾਪਤ ਕਰਨ ਕਰਕੇ ਇਹ ਥਾਂ ਬਹੁਤ ਪਵਿੱਤਰ ਹੋ ਚੁੱਕੀ ਸੀ। ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਭਾਰੀ ਇਤਿਹਾਸਕ ਅਤੇ ਅਧਿਆਤਮਕ ਮਹੱਤਵ ਹੈ। ਇਨ੍ਹਾਂ 40 ਮੁਕਤਿਆਂ ਦੀ ਯਾਦ ਸਿੱਖੀ ਸਿਦਕ ਦੀ ਪ੍ਰੇਰਨਾ ਦਾ ਅਥਾਹ ਸੋਮਾ ਹੈ। ਇਸ ਅਸਥਾਨ ਦੀ ਛੋਹ ਪਾ ਕੇ ਮਾਇਆ ਦੇ ਬੰਧਨ ਟੁੱਟਦੇ ਹਨ ਅਤੇ ਤਨ, ਮਨ ਨਿਰਮਲ ਹੁੰਦਾ ਹੈ। ਇਸਤਰੀ ਜਾਤੀ ਦਾ ਗੁਰਮਤਿ ਵਿਚ ਬਹੁਤ ਸਤਿਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਮੰਦਾ ਸਮਝਣ ਦੀ ਮਨਾਹੀ ਕੀਤੀ ਹੈ ਤੇ ਇਸ ਨੂੰ ਰਾਜਿਆਂ ਦੀ ਜਨਨੀ ਆਖ ਕੇ ਵਡਿਆਈ ਦਿੱਤੀ ਹੈ। ਸਿੱਖ ਧਰਮ ਵਿਚ ਇਸਤਰੀ ਤੇ ਮਰਦ ਦਾ ਇਕੋ ਜਿਹਾ ਦਰਜਾ ਹੈ। ਪਰੰਪਰਾਗਤ ਭਾਰਤੀ ਦਰਸ਼ਨ ਵਿਚ ਇਸਤਰੀ ਨੂੰ ਬਰਾਬਰੀ ਦਾ ਹੱਕ ਨਹੀਂ ਸੀ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਅਤੇ ਖਾਲਸੇ ਦੀ ਜਥੇਬੰਦੀ ਵਿਚ ਇਸਤਰੀਆਂ ਦਾ ਸਨਮਾਨ ਕੀਤਾ ਹੈ। ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦੀ ਉਪਾਧੀ ਦਿੱਤੀ। ਸ੍ਰੀ ਮੁਕਤਸਰ ਸਾਹਿਬ ਵਿਖੇ ਸਿੰਘਾਂ ਨੂੰ ਪ੍ਰੇਰ ਕੇ ਲਿਆਉਣ ਵਾਲੀ ਵੀ ਇਕ ਇਸਤਰੀ ਸੀ ਮਾਤਾ ਭਾਗੋ ਜੀ। ਮਾਤਾ ਜੀ ਨੂੰ ਜਦੋਂ ਸਿੰਘਾਂ ਦੇ ਬੇਦਾਵਾ ਲਿਖ ਕੇ ਚਲੇ ਆਉਣ ਦਾ ਪਤਾ ਲੱਗਿਆ ਤਾਂ ਆਪ ਨੇ ਉਨ੍ਹਾਂ ਨੂੰ ਸੋਝੀ ਦਿੱਤੀ ਕਿ ਇਸ ਲੋਕ-ਪ੍ਰਲੋਕ ਵਿਚ ਗੁਰੂ ਬਿਨਾਂ ਕੋਈ ਸਹਾਰਾ ਨਹੀਂ। ਇਹ ਸਰੀਰ ਤਾਂ ਬਿਨਸਨਹਾਰ ਹੈ, ਇਸ ਨੂੰ ਕਿੰਨਾ ਕੁ ਚਿਰ ਬਚਾਉਂਦੇ ਫਿਰੋਗੇ। ਮਾਤਾ ਭਾਗੋ ਜੀ ਸਿੰਘਾਂ ਨੂੰ ਗੁਰੂ ਦੇ ਸਨਮੁੱਖ ਕਰਨ ਲਈ ਲੈ ਕੇ ਆਏ ਸਨ। ਮਾਤਾ ਜੀ ਜੰਗ ਵਿਚ ਸਿੰਘਾਂ ਦੇ ਨਾਲ ਹੀ ਰਹੇ ਤੇ ਮਰਦਾਵੇਂ ਭੇਸ ਵਿਚ ਵੈਰੀ ਨਾਲ ਯੁੱਧ ਵਿਚ ਹਿੱਸਾ ਲਿਆ। ਬਾਅਦ ਵਿਚ ਆਪ ਸਦਾ ਲਈ ਗੁਰੂ ਸੇਵਾ ਵਿਚ ਹੀ ਰਹੇ ਤੇ ਦੱਖਣ ਵੱਲ ਗੁਰੂ ਜੀ ਦੇ ਨਾਲ ਗਏ। ਗੁਰੂ ਜੀ ਤੋਂ ਪਿੱਛੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਸਿੱਖੀ ਪ੍ਰਚਾਰ ਕਰਦੇ ਰਹੇ। ਮਾਤਾ ਭਾਗੋ ਜੀ ਦਾ ਇਹ ਕਿਰਦਾਰ ਭਾਰਤੀ ਸੰਸਕ੍ਰਿਤੀ ਦੇ ਉਲਟ ਇਕ ਬਹੁਤ ਵੱਡੀ ਕ੍ਰਾਂਤੀ ਦਾ ਸਿਖਰ ਸੀ। ਇਸਤਰੀ ਨੂੰ ਉਸ ਵੇਲੇ ਨਿਰਬਲ ਜਾਣ ਕੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਗੁਰਮਤਿ ਦੇ ਪ੍ਰਚਾਰ ਨੇ ਇਸਤਰੀ ਨੂੰ ਸ਼ਕਤੀ ਤੇ ਮਰਦਾਂ ਦੇ ਨਾਲ ਬਰਾਬਰੀ ਪ੍ਰਦਾਨ ਕਰਕੇ ਸਮਾਜ ਵਿਚ ਉਸਦਾ ਸਨਮਾਨਯੋਗ ਥਾਂ ਬਣਾਇਆ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਇਥੇ ਸਿੱਖਾਂ ਦੀ ਗੁਰੂ ਨਾਲ ਟੁੱਟੀ ਗੰਢੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿੱਖਾਂ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਦਿੱਤੇ ਬੇਦਾਵੇ ਨੂੰ ਪਾੜ ਕੇ ਉਨ੍ਹਾਂ ਨੂੰ ਮੁੜ ਆਪਣੇ ਸਿੱਖ ਪ੍ਰਵਾਨ ਕਰਕੇ ਗਲ਼ੇ ਨਾਲ ਲਾਇਆ। ਇਹ ਗੁਰੂ ਦੀ ਵਡਿਆਈ ਹੈ ਕਿ ਜੋ ਸਿੱਖ ਗ਼ਲਤੀ ਵੀ ਕਰਦਾ ਹੈ ਉਹ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਗੁਰੂ ਉਸ ਨੂੰ ਬਖਸ਼ ਦਿੰਦਾ ਹੈ:

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ 544)

ਇਸ ਤਰ੍ਹਾਂ ਇਹ ਜੰਗ ਸਿਰਫ਼ ਦੁਨਿਆਵੀ ਵਾਕਿਆ ਹੀ ਨਹੀਂ ਸੀ ਇਸ ਦਾ ਅਧਿਆਤਮਕ ਮਹੱਤਵ ਵੀ ਸੀ। ਸੰਸਾਰਕ ਪੱਧਰ 'ਤੇ ਇਹ ਸ਼ਹੀਦ ਸਿੱਖੀ ਸਿਦਕ ਦਿ ?ੜ੍ਹ ਕਰਵਾ ਰਹੇ ਸਨ। ਦੈਵੀ ਪੱਧਰ 'ਤੇ ਉਹ ਹਉਮੈ ਦੀ ਕੰਧ ਤੋੜਕੇ ਸਚਿਆਰ ਬਣ ਕੇ ਪਰਮਾਤਮਾ ਦੇ ਘਰ ਵਿਚ ਪ੍ਰਵੇਸ਼ ਕਰ ਰਹੇ ਸਨ। ਅਕਾਲ ਪੁਰਖ ਦੀ ਸ਼ਕਤੀ ਕਰਕੇ ਹੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਸਿੱਖਾਂ ਨੇ ਵੱਡੀ ਗਿਣਤੀ ਵਿਚ ਆਈ ਫੌਜ ਨਾਲ ਯੁੱਧ ਕੀਤਾ। ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸਨਮੁੱਖ ਹੋ ਕੇ ਜੰਗ ਲੜੀ। ਦੁਨੀਆ ਦੇ ਇੰਨੇ ਮਹਾਨ ਯੁੱਧ ਹੋਏ ਹਨ, ਰਾਮਾਇਣ-ਮਹਾਂਭਾਰਤ ਤੋਂ ਲੈ ਕੇ ਦੋਵੇਂ ਵਿਸ਼ਵ ਯੁੱਧ ਤੇ ਭਾਰਤ-ਪਾਕਿਸਤਾਨ ਦੀਆਂ ਜੰਗਾਂ ਤੱਕ। ਇਹ ਯੁੱਧ ਬਰਾਬਰ ਦੀਆਂ ਫੌਜਾਂ ਵਿਚਕਾਰ ਹੋਏ ਸਨ, ਜਦੋਂ ਫ਼ੌਜਾਂ ਬਰਾਬਰ ਦੀਆਂ ਹੋਣ ਤਾਂ ਸਿਪਾਹੀਆਂ ਨੂੰ ਜਾਨ ਦਾ ਏਨਾ ਖ਼ਤਰਾ ਨਹੀਂ ਹੁੰਦਾ। ਉਹ ਹੌਸਲੇ ਨਾਲ ਲੜਦੇ ਹਨ ਪਰ ਜਦੋਂ ਇਕ ਪਾਸੇ 40 ਬੰਦੇ ਹੋਣ ਤੇ ਦੂਜੇ ਪਾਸੇ ਮੁਲਖਈਆ ਹੋਵੇ, ਉਸ ਵੇਲੇ ਦਲੇਰੀ ਨਾਲ ਕੋਈ ਵਿਰਲਾ ਹੀ ਲੜ ਸਕਦਾ ਹੈ। ਚਮਕੌਰ ਸਾਹਿਬ ਦੀ ਜੰਗ ਅਤੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਅਜਿਹੀਆਂ ਅਸਾਵੀਆਂ ਜੰਗਾਂ ਸਨ। ਇਨ੍ਹਾਂ ਵਿਚ ਸਿੱਖਾਂ ਦੇ ਮੁਕਾਬਲੇ ਦੁਸ਼ਮਣਾਂ ਦੀ ਗਿਣਤੀ ਬਹੁਤ ਵੱਡੀ ਸੀ। ਇਸ ਵੇਲੇ ਵੀ ਖਾਲਸੇ ਨੇ ਜਿਸ ਦਲੇਰੀ ਅਤੇ ਸਾਬਿਤ ਕਦਮੀ ਨਾਲ ਦੁਸ਼ਮਣ ਦੇ ਆਹੂ ਲਾਹੇ ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਇਸ ਜੰਗ ਵਿਚ ਸਿੰਘਾਂ ਨੇ ਮੌਤ ਦਾ ਭੈਅ ਉਤਾਰ ਕੇ ਜਿੰਨੇ ਵੀ ਸੁਆਸ ਉਨ੍ਹਾਂ ਨੂੰ ਮਿਲੇ ਤੇਗ ਦੇ ਜੌਹਰ ਵਿਖਾਏ। ਉਨ੍ਹਾਂ ਨੇ ਵੈਰੀ ਨੂੰ ਜਿੱਤਣ ਦੀ ਅਤੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਇਹ ਭਾਵਨਾ ਆਖਰੀ ਦਮ ਤਕ ਕਾਇਮ ਰਹੀ। ਭਾਵੇਂ ਉਹ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਮਨਾਂ ਵਿਚ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੀ ਧੁਨੀ ਗੂੰਜ ਰਹੀ ਸੀ। ਉਹ ਸ਼ਹੀਦ ਹੋ ਕੇ ਵੀ ਜੇਤੂ ਸਨ। ਕਿਉਂਕਿ ਉਹ ਪੂਰਨ ਖਾਲਸਾ ਪਰਮਾਤਮਾ ਦਾ ਰੂਪ ਬਣ ਚੁੱਕੇ ਸਨ। ਉਨ੍ਹਾਂ ਨੇ ਮੌਤ ਨੂੰ ਵੀ ਜਿੱਤ ਲਿਆ ਸੀ। ਉਹ ਅਮਰ ਹੋ ਕੇ ਮੁਕਤ ਮੰਡਲ ਦੇ ਵਾਸੀ ਹੋ ਗਏ ਸਨ। ਵਾਹਿਗੁਰੂ ਜੀ ਕੀ ਸਦੀਵੀ ਫ਼ਤਹ ਉਨ੍ਹਾਂ ਦੇ ਅੰਗ-ਸੰਗ ਸੀ। ਅਜਿਹੀ ਵਿਲੱਖਣ ਅਤੇ ਅਲੌਕਿਕ ਵਿਰਾਸਤ ਦੀ ਮਾਲਕ ਸਿੱਖ ਕੌਮ ਅੰਦਰ ਅੱਜ ਜੋ ਅਚਾਰ, ਵਿਹਾਰ, ਸੰਜਮ ਅਤੇ ਸਭਿਆਚਾਰਕ ਪੱਧਰ ਉੱਤੇ ਆ ਰਿਹਾ ਨਿਘਾਰ ਅਤਿ ਚਿੰਤਾ ਦਾ ਵਿਸ਼ਾ ਹੈ। ਅੱਜ ਲੋੜ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰੀਏ, ਆਪਣੀ ਮਹਾਨ ਵਿਰਾਸਤ ਤੋਂ ਜਾਣੂ ਹੋਈਏ ਅਤੇ ਗੁਰਮਤਿ ਸਿਧਾਂਤ ਤੋਂ ਸੇਧ ਲੈ ਕੇ ਖਾਲਸਾਈ ਰੂਪ ਵਿਚ ਵਿਚਰੀਏ। ਇਸ ਮਹਾਨ ਕਾਰਜ ਲਈ ਸਮੂਹ ਸਿੱਖ ਸੰਸਥਾਵਾਂ, ਸੰਪਰਦਾਵਾਂ, ਸਿੱਖ ਬੁੱਧੀਜੀਵੀਆਂ, ਮਹਾਂਪੁਰਖਾਂ ਅਤੇ ਖਾਸ ਕਰਕੇ ਮਾਪਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਹੰਭਲਾ ਮਾਰਨਾ ਹੋਵੇਗਾ। ਆਓ! ਅੱਜ ਉਨ੍ਹਾਂ ਮਹਾਨ 40 ਮੁਕਤਿਆਂ ਨੂੰ ਪੂਰੀ ਸ਼ਰਧਾ ਸਤਿਕਾਰ ਅਤੇ ਸਨਮਾਨ ਨਾਲ ਸੀਸ ਝੁਕਾਈਏ ਅਤੇ ਸਤਿਗੁਰ ਦੇ ਦੱਸੇ ਮਾਰਗ ਉੱਤੇ ਚੱਲਣ ਦਾ ਪ੍ਰਣ ਕਰੀਏ।




**ਲੜੀਵਾਰ...**
**ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼**

## ਸਭੁ ਦੇਸੁ ਪਰਾਇਆ
**(ਸਵੈ-ਜੀਵਨੀ)**

# ਪੰਜਾਬ ਸੈਂਟਰ ਮੇਰਠ ਦਾ ਨਵਾਂ ਗੁਰਦੁਆਰਾ


ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਪੰਜਾਬ ਸੈਂਟਰ ਮੇਰਠ ਦਾ ਨਵਾਂ ਗੁਰਦੁਆਰਾ

ਸੈਂਟਰ ਕਮਾਂਡੈਂਟ ਕਰਨਲ ਰਘਬੀਰ ਸਿੰਘ ਜੀ ਨੇ ਫ਼ੌਜੀ ਸ਼ਹੀਦਾਂ ਦੀ ਯਾਦ ਵਿੱਚ ਨਵਾਂ ਗੁਰਦੁਆਰਾ ਬਣਾਉਣਾ ਸ਼ੁਰੂ ਕੀਤਾ। ਨਾਲ ਹੀ ਕਰਨਲ ਸਾਹਿਬ ਨੇ ਆਪਣੀ ਕੋਠੀ ਸ਼ੁਰੂ ਕਰ ਲਈ। ਜੋ ਇੱਟਾਂ ਉਨ੍ਹਾਂ ਗੁਰਦੁਆਰੇ ਦੀ ਸ਼ੁਰੂਆਤ ਲਈ ਖਰੀਦੀਆਂ, ਉਨ੍ਹਾਂ ਨਾਲ ਕੋਠੀ ਸ਼ੁਰੂ ਕਰ ਲਈ ਤੇ ਸੂਰਾਂ ਦੇ ਖੁੱਡੇ ਢਾਹਕੇ ਜੋ ਪੁਰਾਣੀਆਂ ਇੱਟਾਂ ਨਿਕਲੀਆਂ ਉਹ ਗੁਰਦੁਆਰੇ ਦੀ ਨੀਂਹ ਵਿਚੱ ਪਾ ਦਿੱਤੀਆਂ। ਇਹ ਉਦੋਂ ਪਤਾ ਲੱਗਾ ਜਦੋਂ ਇਨਕੁਆਰੀ ਸਮੇਂ ਗੁਰਦੁਆਰੇ ਦੀ ਇੱਕ ਪਾਸਿਓ ਨੀਂਹ ਪੁੱਟ ਕੇ ਦੇਖੀ ਗਈ। ਪੰਜਾਬ ਰਜਮੈਂਟ ਸੈਂਟਰ ਮੇਰਠ ਵਿੱਚ ਬਹੁਤ ਹੀ ਸੋਹਣੀਆਂ ਕਾਲੀ ਲੱਕੜੀ ਵਾਲੀਆਂ ਟਾਹਲੀਆਂ ਸਨ। ਉਹ ਵੱਢਵਾ ਕੇ ਉਸ ਸਮੇਂ ਦੇ ਯੂ.ਪੀ. ਸਬ ਏਰੀਆ ਕਮਾਂਡਰ ਮੇਜਰ ਜਰਨਲ ਸੁਬੇਗ ਸਿੰਘ ਜੀ ਨੂੰ ਪੇਟੀਆਂ ਬਣਾਉਣ ਲਈ ਦਿੱਤੀਆਂ ਗਈਆਂ। ਕਰਨਲ ਰਘਬੀਰ ਸਿੰਘ ਸਾਹਿਬ ਮੈਨੂੰ ਕਹਿਣ ਲੱਗੇ,''ਗਿਆਨੀ ਜੀ! ਤੁਸੀਂ ਆਪਣਾ ਕੀਤਰਨੀ ਜਥਾ ਲੈ ਕੇ ਨਾਲ ਸੂਬੇਦਾਰ ਮਹਿੰਦਰ ਸਿੰਘ ਮਹਾਵੀਰ ਚੱਕਰ ਨੂੰ ਲੈ ਕੇ ਜਾਣਕਾਰ ਇਲਾਕਿਆਂ ਵਿੱਚੋਂ ਨਵੇਂ ਗੁਰਦੁਆਰੇ ਲਈ ਮਾਇਆ ਇੱਕਠੀ ਕਰਕੇ ਲਿਆਓ। ਮੇਰੇ ਨਾਲ 15 ਪੰਜਾਬ ਦੇ ਗਿਆਨੀ ਨਾਇਬ ਸੂਬੇਦਾਰ (ਹੁਣ ਕੈਪਟਨ ਬਣ ਕੇ ਪੈਨਸ਼ਨ ਤੇ ਆਏ ਹੋਏ ਹਨ) ਦਲਬੀਰ ਸਿੰਘ ਸਾਹਿਬ ਤਰਨਤਾਰਨ ਢੋਲਕੀ ਮਾਸਟਰ ਹੌਲਦਾਰ ਸੁੱਚਾ ਸਿੰਘ 14 ਪੰਜਾਬ ਤੇ ਸਿਪਾਹੀ ਗਰੁ ਬਖ਼ਸ਼ ਸਿੰਘ ਜੋ ਮੇਰੇ ਪੈਨਸ਼ਨ ਆਉਣ ਤੋਂ ਬਾਅਦ ਪਲਟਨ ਦੇ ਗਿਆਨੀ ਜੀ ਬਣੇ ਤੇ ਕੈਪਟਨ ਬਣ ਕੇ ਰਿਟਾਇਰਡ ਹੋਏ ਤੇ ਅੱਜ ਕੱਲ੍ਹ ਸਰੀ (ਕੈਨੇਡਾ) ਬੱਚਿਆਂ ਕੋਲ ਰਹਿ ਰਹੇ ਹਨ, ਸਨ। ਅਸੀਂ ਪਹਿਲਾ ਟੂਰ ਲੰਬੀ ਏਰੀਏ ਦਾ ਜਿੱਥੇ ਸਿੱਖ ਵਾਲਾ ਪਿੰਡ ਦੇ ਕੋਲ ਸਾਡੀ ਪਲਟਨ ਰਹੀ ਸੀ ਗਏ। ਮੇਰੇ ਪਰਮ ਮਿੱਤਰ ਪਟਵਾਰੀ (ਨਹਿਰੀ) ਅਜੀਤ ਸਿੰਘ ਸੰਧੂ ਸਾਡੇ ਨਾਲ ਰਹੇ ਮੇਰੀ ਤੇ ਉਹਨਾਂ ਦੀ ਜਾਣ ਪਹਿਚਾਣ ਵਾਲੇ ਪਿਡੰ ਾਂ ਵਿੱਚੋਂ ਕੋਈ ਗਿਆਰਾਂ ਕੁ ਹਜ਼ਾਰ ਰੁਪਿਆ ਇਕੱਠਾ ਕੀਤਾ। ਮੇਰੇ ਧਰਮ ਭਰਾ ਬਣੇ ਬਾਈ ਜਗਮੀਤ ਸਿੰਘ ਮਾਨ ਰੋੜਾਂ ਵਾਲੀ ਨੇ ਇੱਕ ਹਜ਼ਾਰ ਰੁਪਿਆਂ ਆਪਣੀ ਮਾਤਾ ਜੀ ਦੇ ਨਾਮ ਤੇ ਦਿੱਤਾ।

### ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਿਰਦਾਰ

ਪਟਵਾਰੀ ਸ੍ਰ: ਅਜੀਤ ਸਿੰਘ ਸੰਧੂ ਜੀ ਦੇ ਉਦਮ ਨਾਲ ਪੰਜਾਂ ਸੱਤਾਂ ਪਿੰਡਾਂ ਦੀਆਂ ਪੰਚਾਇਤਾਂ ਜਿਨ੍ਹਾਂ ਨੇ ਗੁਰੂ ਘਰ ਦੀ ਉਸਾਰੀ ਲਈ ਉਗਰਾਹੀ ਵਿੱਚ ਹੱਥ ਵਟਾਇਆ ਸੀ, ਨੂੰ ਨਾਲ ਲੈ ਕੇ ਅਸੀਂ ਤਿੰਨ ਚਾਰ ਕਾਰਾਂ ਵਿੱਚ ਬਾਦਲ ਪਿੰਡ ਪੁੱਜੇ। ਸਾਨੂੰ ਸਰਦਾਰ ਤੇਜਾ ਸਿੰਘ ਬਾਦਲ (ਪ੍ਰਕਾਸ਼ ਸਿੰਘ ਬਾਦਲ ਦੇ ਚਾਚਾ ਜੀ) ਬੜੇ ਪਿਆਰ ਨਾਲ ਮਿਲੇ ਤੇ ਇੱਕ ਹਜ਼ਾਰ ਰੁਪੱਈਆਂ ਵੀ ਗੁਰੂ ਘਰ ਲਈ ਦਿੱਤਾ। ਸ੍ਰ: ਪ੍ਰਕਾਸ਼ ਸਿੰਘ ਬਾਦਲ ਕਿਤੇ ਬਾਹਰ ਗਏ ਹੋਏ ਸਨ ਤੇ ਆਉਣ ਵਾਲੇ ਹੀ ਸਨ। ਅਸੀਂ ਉਡੀਕ ਕਰਨ ਲੱਗੇ। ਥੋਹੜੀ ਦੇਰ ਬਾਅਦ ਉਹ ਆ ਗਏ। ਵਾਰੋ ਵਾਰੀ ਸਾਰਿਆਂ ਨੂੰ ਮਿਲੇ। ਸਾਡੀ ਵਾਰੀ ਅਖੀਰ ਤੇ ਆਈ। ਮੈਂ ਉਹਨਾਂ ਨੂੰ ਆਉਣ ਦਾ ਕਾਰਨ ਦੱਸਿਆ ਕਿ ਸ਼ਹੀਦ ਫੌਜੀਆਂ ਦੀ ਯਾਦ ਵਿੱਚ ਪੰਜਾਬ ਰਜਮੈਂਟਲ ਸੈਂਟਰ ਮੇਰਠ ਵਿੱਚ ਗੁਰਦੁਆਰਾ ਬਣ ਰਿਹਾ ਹੈ। ਫੌਜੀਆਂ ਦੀਆਂ ਇੰਨੀਆਂ ਤਨਖਾਹਾਂ ਨਹੀਂ ਹੁੰਦੀਆਂ। ਉਹ ਦੇਸ਼ ਲਈ ਖੂਨ ਤੇ ਡੋਹਲ ਸਕਦੇ ਹਨ ਪਰ ਇੰਨਾ ਪੈਸਾ ਖਰਚਣਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ। ਸੋ ਅਸੀਂ ਤੁਹਾਡੇ ਕੋਲ ਸਹਾਇਤਾ ਲਈ ਆਏ ਹਾਂ। ਉਹ ਹੱਸ ਪਏ ਤੇ ਮੈਨੂੰ ਕਹਿਣ ਲੱਗੇ, ''ਫੌਜੀ ਵੀ ਸੱਚੀਂ ਕਮਲੇ ਹੀ ਹੁੰਦੇ ਆ। ਭਲਾ ਗੁਰਦੁਆਰੇ ਉਤੇ ਐਨਾ ਖਰਚ ਕਰਨ ਦੀ ਕੀ ਲੋੜ ਹੈ"? ਮੈਂ ਕਿਹਾ,''ਸਰਦਾਰ ਜੀ! ਇਹ ਗੱਲ ਕੋਈ ਕੌਮਨਿਸਟ ਮੈਨੂੰ ਕਹਿੰਦਾ



ਤਾਂ ਮੈਂ ਉੱਤਰ ਦਿੰਦਾ ਪਰ ਇੱਕ ਸਿੱਖ ਅਕਾਲੀ ਲੀਡਰ ਨੂੰ ਇਹਦਾ ਕੀ ਜੁਆਬ ਦਿਆਂ"? ਫਿਰ ਮੈਨੂੰ ਕਹਿਣ ਲੱਗੇ, ''ਤੁਸੀਂ ਇੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਾਇਤਾ ਲਈ ਦਰਖਾਸਤ ਲਿਖੋ, ਮੈਂ ਦਸਤਖਤ ਕਰਕੇ ਸਿਫ਼ਾਰਸ਼ ਕਰ ਦਿੰਦਾ ਹਾਂ।" ਮੈਂ ਉੱਤਰ ਦਿੱਤਾ,''ਉਸ ਪੈਸੇ ਤੇ ਜਿੰਨ੍ਹਾਂ ਤੁਹਾਡਾ ਹੱਕ ਹੈ ਉਨ੍ਹਾਂ ਹੀ ਸਾਡਾ ਵੀ ਹੈ, ਤੁਹਾਡੀ ਸਿਫ਼ਾਰਸ਼ ਨਾਲ ਮਿਲ ਜਾਏਗਾ ਤਾਂ ਧੰਨਵਾਦ ਕਰਾਂਗੇ ਪਰ ਅਸੀਂ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੋਲੇ ਆਏ ਹਾਂ। ਇੱਕ ਅਮੀਰ ਜਗੀਰਦਾਰ ਕੋਲ ਤੁਹਾਡੇ ਇਲਾਕੇ ਦੀਆਂ ਪੰਚਾਇਤਾਂ ਨਾਲ ਨੇ, ਤੁਸੀ ਆਪਣੇ ਕੋਲੋਂ ਸਾਨੂੰ ਕੀ ਦਿੰਦੇ ਹੋ ? " ਮੇਰੀ ਏਨੀ ਗੱਲ ਸੁਣ ਕੇ ਉਨ੍ਹਾਂ ਬਟੂਆਂ ਕੱਢਿਆ ਤੇ ਸੌ ਸੌ ਰੁਪਏ ਦੇ ਪੰਜ ਨੋਟ ਕੱਢ ਕੇ ਕਹਿਣ ਲੱਗੇ ਲਓ ਮੇਰੀ ਵੱਲੋਂ ਵੀ ਹਿੱਸਾ ਲੈ ਲਓ! ਇਸ ਤੋਂ ਪਹਿਲਾਂ ਕਿ ਮੈਂ ਕੋਈ ਜੁਆਬ ਦਿੰਦਾ ਪੰਨੀਆ ਵਾਲੇ ਪਿੰਡ ਦਾ ਨਾਲ ਆਇਆ ਇਕ ਮੁਹਿਤਬਰ ਸੱਜਣ ਉਠਕੇ ਕਹਿਣ ਲੱਗਾ, ''ਇਹ ਨੂੰ ਜੇਬ ਵਿੱਚ ਪਾ ਲਓ ਤੁਹਾਡੇ ਕਿਤੇ ਕੰਮ ਆਉਣਗੇ। ਤੁਸੀਂ ਤਾਂ ਨਾਲ ਆਏ ਇਲਾਕੇ ਦੇ ਮੁੱਖੀ ਸੱਜਣਾਂ ਦੀ ਵੀ ਲਾਹ ਕੇ ਰੱਖ ਦਿੱਤੀ। ਕੋਈ ਨਾ ਐਤਕੀਂ ਮਾਘੀ (ਮੁਕਤਸਰ) ਦੀ ਕਾਨਫਰੰਸ ਲਈ ਉਗਰਾਹੀ ਕਰਨ ਆਇਓ, ਤੁਹਾਡੇ ਗਲਾਂ ਵਿੱਚ ਹਾਰ ਪਾਵਾਂਗੇ ਨੋਟਾਂ ਦੇ। ਉਠੋਂ ਸੰਗਤ ਜੀ, ਝੋਟਿਆਂ ਆਲੇ ਘਰੋਂ ਲੱਸੀਆਂ ਨਹੀਂ ਮਿਲਦੀਆਂ ਹੁੰਦੀਆਂ। " ਗੁੱਸੇ ਵਿੱਚ ਸਾਰੇ ਲੋਕੀ ਉਠਕੇ ਆ ਗਏ। ਪਰ ਉਨ੍ਹਾਂ ਨੇ ਆਪਣੇ ਪਿੰਡਾਂ ਵਿੱਚੋਂ ਬਹੁਤ ਹੀ ਉਗਰਾਹੀ ਕਰਾਕੇ ਦਿੱਤੀ। ਉਨ੍ਹਾਂ ਪਿੰਡਾਂ ਦਾ ਨਾਮ ਬਾਈ ਜਗਜੀਤ ਸਿੰਘ ਮਾਨ ਪਿੰਡ ਰੋੜਾਂਵਾਲੀ ਦਾ ਨਾਮ ਪੰਜਾਬ ਰਜਮੈਂਟਲ ਸੈਂਟਰ ਦੇ ਬਣੇ ਨਵੇਂ ਗੁਰਦੁਆਰੇ ਦੀ ਸਿਲ ਉਤੇ ਲਿਖਿਆ ਹੋਇਆ ਹੈ। ਪ੍ਰਕਾਸ਼ ਸਿੰਘ ਬਾਦਲ ਨਾਲ ਮੇਰੀ ਇਹ ਪਹਿਲੀ ਤੇ ਆਖਰੀ ਮੁਲਾਕਾਤ ਸੀ।

ਅਸੀਂ ਕੁਝ ਦਿਨਾਂ ਤੋਂ ਬਾਦ ਵਾਪਸ ਸੈਂਟਰ ਵਿੱਚ ਆ ਗਏ। ਕਰਨਲ ਰਘਬੀਰ ਸਿੰਘ ਸਾਹਿਬ ਕਹਿਣ ਲੱਗੇ, ''ਸ਼ਾਬਾਸ਼ ਗਿਆਨੀ ਜੀ ਬਹੁਤ ਉਦਮ ਕੀਤਾ ਹੈ। ਕੁਝ ਹੋਰ ਹਿੰਮਤ ਮਾਰੋ। ਹੁਕਮ ਮੰਨ ਕੇ ਟੈਂਪਰੇਰੀ ਡਿਊਟੀ ਸ਼ੋਅ ਕਰਕੇ ਸਾਨੂੰ ਰਾਂਚੀ ਤੇ ਕਲਕੱਤੇ ਭੇਜਿਆ। ਸੂਬੇਦਾਰ ਮੇਜਰ ਮਹਿੰ-ਦਰ ਸਿੰਘ ੰ.ੜ.ਛ. (ਮਹਾਂ ਵੀਰ ਚੱਕਰ) ਜੀ ਨਾਲ ਸਨ ਅਸੀਂ ਰਾਂਚੀ ਦੁਰਗਾਪੁਰ (ਉਥੇ ਮੇਰੇ ਰਿਸ਼ਤੇ ਵਿੱਚ ਚਾਚਾ ਜੀ ਲੱਗਦੇ ਸਰਦਾਰ ਪਿਆਰਾ ਸਿੰਘ ਦੁਸਾਂਝ ਜੀ ਨੇ ਆਪਣੇ ਵੱਲੋਂ ਤੇ ਆਪਣੇ ਮਿੱਤਰਾਂ ਵੱਲੋਂ ਕਾਫ਼ੀ ਉਗਰਾਹੀ ਕਰਵਾਈ। ਸੰਨ 1971 ਦੀ ਲੜਾਈ ਤੋਂ ਪਹਿਲਾਂ ਸਾਡੀ ਪਲਟਨ (14 ਪੰਜਾਬ ਨਾਭਾ ਅਕਾਲ) ਡਨਲਪ ਰਹੀ ਸੀ, ਉਥੋਂ ਮੇਰੇ ਉਦੋਂ ਦੇ ਬਣੇ ਹੁਣ ਤੱਕ ਦੇ ਦੋਸਤ ਸ੍ਰ: ਤਰਸੇਮ ਸਿੰਘ ਬੈਨਾਪੁਰ ਨੇ ਨਾਲ ਲੱਗ ਕੇ ਉਗਰਾਹੀ ਕਰਵਾਈ। ਇਸ ਕਰਕੇ ਜਦੋਂ ਗਰੁ ਦੁਆਰੇ ਸਾਹਿਬ ਦਾ ਉਦਘਾਟਨ ਹੋਇਆ ਲੈਫਟੀਨੈਂਟ ਜਰਨਲ ਜਗਜੀਤ ਸਿੰਘ ਅਰੋੜਾ ਜੀ ਨੇ ਮੈਨੂੰ ਗੁਰੂ ਘਰ ਵਿਖੇ ਸਿਰੋਪਾਓ ਬਖਸ਼ਿਸ਼ ਕੀਤਾ।

ਥੋਹੜੇ ਸਮੇਂ ਬਾਅਦ ਕਰਨਲ ਰਘਬੀਰ ਸਿੰਘ ਸਾਹਿਬ ਰਿਟਾਇਰ ਹੋ ਗਏ। ਇਹ ਕਰਨਲ ਸਾਹਿਬ ਬਾਬਾ ਬੁੱਢਾ ਸਾਹਿਬ ਰਮਦਾਸ ਵਾਲਿਆ ਦੀ ਜਲੰਧਰ ਵਿੱਚ ਚੱਲਦੀ ਇੱਕ ਗੱਦੀ ਦੇ ਬਾਬਾ ਹਰਭਗਵੰਤ ਸਿੰਘ ਦੇ ਬੜੇ ਸ਼ਰਧਾਲੂ ਸਨ। ਜਦੋਂ ਉਨ੍ਹਾਂ ਮੇਰਠ ਆਉਣਾ ਇਨ੍ਹਾਂ ਦੀ ਕੋਠੀ ਹੀ ਠਹਿਰਨਾ। ਸਤਸੰਗ ਹੋਣਾ ਖੂਬ ਲੰਗਰ ਚੱਲਣਾ ਇਨ੍ਹਾਂ ਦੀ

> **ਅਸੀਂ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੋਲੇ ਆਏ ਹਾਂ। ਇੱਕ ਅਮੀਰ ਜਗੀਰਦਾਰ ਕੋਲ ਤੁਹਾਡੇ ਇਲਾਕੇ ਦੀਆਂ ਪੰਚਾਇਤਾਂ ਨਾਲ ਨੇ, ਤੁਸੀ ਆਪਣੇ ਕੋਲੋਂ ਸਾਨੂੰ ਕੀ ਦਿੰਦੇ ਹੋ ? " ਮੇਰੀ ਏਨੀ ਗੱਲ ਸੁਣ ਕੇ ਉਨ੍ਹਾਂ ਬਟੂਆਂ ਕੱਢਿਆ ਤੇ ਸੌ ਸੌ ਰੁਪਏ ਦੇ ਪੰਜ ਨੋਟ ਕੱਢ ਕੇ ਕਹਿਣ ਲੱਗੇ ਲਓ ਮੇਰੀ ਵੱਲੋਂ ਵੀ ਹਿੱਸਾ ਲੈ ਲਓ! ਇਸ ਤੋਂ ਪਹਿਲਾਂ ਕਿ ਮੈਂ ਕੋਈ ਜੁਆਬ ਦਿੰਦਾ ਪੰਨੀਆ ਵਾਲੇ ਪਿੰਡ ਦਾ ਨਾਲ ਆਇਆ ਇਕ ਮੁਹਿਤਬਰ ਸੱਜਣ ਉਠਕੇ ਕਹਿਣ ਲੱਗਾ, ''ਇਹ ਨੂੰ ਜੇਬ ਵਿੱਚ ਪਾ ਲਓ ਤੁਹਾਡੇ ਕਿਤੇ ਕੰਮ ਆਉਣਗੇ।**

(ਕਰਨਲ) ਮੇਮ ਸਾਹਿਬ ਨੇ ਆਰਡਰ ਦੇਣਾ ''ਸੂਬੇਦਾਰ ਮੇਜਰ ਸਾਹਿਬ! ਸਾਡੇ ਘਰ ਬਾਬਾ ਜੀ ਆ ਰਹੇ ਹਨ, ਇੱਕ ਪੀਪਾ ਘਿਉ, ਇੱਕ ਮਣ ਖੰਡ, ਦਾਲਾਂ ਮਸਾਲੇ ਸਭ ਮਿਲਟਰੀ ਸਟੋਰ ਵਿੱਚੋਂ ਭੇਜ ਦਿਉ। ਸੂਬੇਦਾਰ ਮੇਜਰ ਤਿਲਕ ਰਾਜ ਤਾਂ ਦੇਹੀ ਗਲ ਕੇ ਮਰਿਆ। ਉਸਦੀ ਘਰ ਵਾਲੀ ਵੀ ਉਸਦੇ ਨੇੜੇ ਉਦੋਂ ਨਹੀਂ ਸੀ ਲੱਗਦੀ। ਕਰਨਲ ਰਘਬੀਰ ਸਿੰਘ ਦੀ ਮੌਤ ਵੀ ਭੈੜੀ ਹਾਲਤ ਵਿਚ ਹੋਈ। ਵੈਸੇ ਕਰਨਲ ਸਾਹਿਬ ਰੰਗੀਨ ਮਿਜ਼ਾਜ਼ ਇਤਨੇ ਸਨ ਕਿ ਸਵੇਰ ਨੂੰ ਉਨ੍ਹਾਂ ਦੇ ਸੌਣ ਕਮਰੇ ਮੋਹਰੇ ਫੌਜੀ ਬੈਂਡ ਦਾ ਇੱਕ ਜਵਾਨ ਬੀਨ ਵਜਾਇਆ ਕਰਦਾ ਸੀ। ਇਸਦਾ ਇੱਕ ਪੁੱਤਰ ਤੇ ਇੱਕ ਧੀ ਸੀ। ਰਿਟਾਇਰਮੈਂਟ ਤੇ ਬੜੀ ਸ਼ਾਨਦਾਰ ਵਿਦਾਇਗੀ ਦਿੱਤੀ ਗਈ। ਇਨ੍ਹਾਂ ਤੋਂ ਬਾਅਦ ਸੈਂਟਰ ਕਮਾਡੈਂਟ ਕਰਨਲ ਪੀ.ਐਸ. ਵਾਸੂ ਦੇਵਨ ਸਾਹਿਬ ਆਏ। ਕਿਉਂਕਿ ਅਗਲੇ ਪੰਨਿਆਂ ਵਿੱਚ ਬਹੁਤ ਹੀ ਸਨਸਨੀ ਖੇਜ਼ ਘਟਨਾਵਾਂ ਦਰਜ਼ ਹਨ, ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਹਾਂ। ਇਸ ਲਈ ਥੋਹੜਾ ਵਾਸੂ ਦੇਵਨ ਸਾਹਿਬ ਦੇ ਜੀਵਨ ਤੇ ਜੀਵਨ ਸ਼ੈਲੀ ਉਤੇ ਪੰਛੀਝਾਤ ਮਾਰ ਲਈਏ। ਕਿਉਂ ਕਿ ਮੈਂ ਇਨ੍ਹਾਂ ਨੂੰ 1967 ਤੋਂ ਜਾਣਦਾ ਸਾਂ। ਇਨ੍ਹਾਂ ਦੇ ਸਖ਼ਤ ਸੁਭਾ ਦਾ ਵਾਕਫ਼ ਸਾਂ। ਮੇਰੇ ਸੰਬੰਧ ਇਨ੍ਹਾਂ ਨਾਲ ਬੜੇ ਹੀ ਖੁਸ਼ ਗਵਾਰ ਰਹੇ।

ਚਲਦਾ...

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ     ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ.ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
talwanid@hotmial.ca

****************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662,
Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:- 778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

****************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ੍ਰ ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986
Exp. 6 Jan

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਬਾ-ਮਕਸਦ ਖਾਮੋਸ਼ੀ ਅਤੇ ਬਾ-ਮਕਸਦ ਬੋਲ



ਡਾ. ਅਰਵਿੰਦਰ ਸਿੰਘ ਭੱਲਾ, ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ
9463062603

ਜੋ ਮਨੁੱਖ ਆਪਣੇ ਇਰਦ-ਗਿਰਦ ਦੇ ਹਾਲਾਤਾਂ, ਵਿਪਰੀਤ ਪ੍ਰਸਥਿਤੀਆਂ ਅਤੇ ਦੂਸਰਿਆਂ ਦੇ ਨਾਕਾਰਾਤਮਕ ਖਿਆਲਾਂ ਤੇ ਢਹਿੰਦੀ ਕਲਾ ਵਾਲੀ ਬਿਰਤੀ ਨੂੰ ਆਪਣੇ ਜ਼ਿਹਨ ਉੱਪਰ ਭਾਰੂ ਨਹੀਂ ਹੋਣ ਦਿੰਦਾ ਹੈ, ਉਹ ਯਕੀਨੀ ਤੌਰ ਉੱਪਰ ਇਕ ਨਾ ਇਕ ਦਿਨ ਆਪਣੀ ਜ਼ਿੰਦਗੀ ਵਿੱਚ ਮਨ ਚਾਹਿਆ ਮੁਕਾਮ ਹਾਸਲ ਕਰ ਲੈਂਦਾ ਹੈ। ਮਨੁੱਖ ਨੂੰ ਕਈ ਹਾਲਤਾਂ ਵਿੱਚ ਅੰਨਾ, ਬੋਲਾ ਅਤੇ ਗੂੰਗਾ ਵੀ ਬਣ ਜਾਣਾ ਚਾਹੀਦਾ ਹੈ, ਲੇਕਿਨ ਇਸ ਗੱਲ ਦਾ ਖਿਆਲ ਜ਼ਰੂਰ ਰਹੇ ਕਿ ਤੁਹਾਡੇ ਅੰਨੇ, ਬੋਲੇ ਅਤੇ ਗੂੰਗੇ ਬਣਨ ਪਿੱਛੇ ਕਿਸੇ ਨੂੰ ਨੁਕਸਾਨ ਪਹੁੰਚਾਉਣ ਜਾਂ ਕੋਈ ਘਟੀਆ ਸੋਚ ਜਾਂ ਛੋਟੇ ਜਿਹੇ ਪੱਧਰ ਦਾ ਨਿਜੀ ਮੁਫ਼ਾਦ ਛੁਪਿਆ ਨਾ ਹੋਵੇ, ਬਲਕਿ ਜਦੋਂ ਤੁਸੀਂ ਖਾਮੋਸ਼ ਹੋਵੋ, ਜਦੋਂ ਕੁਝ ਨਾਗਵਾਰ ਦੇਖ ਕੇ ਵੀ ਬਹੁਤ ਕੁਝ ਦਰਗੁਜ਼ਰ ਕਰ ਰਹੇ ਹੋਵੋ ਜਾਂ ਮੰਦੇ ਸ਼ਬਦਾਂ ਨੂੰ ਸੁਣ ਕੇ ਵੀ ਨਜ਼ਰਅੰਦਾਜ਼ ਕਰ ਰਹੇ ਹੋਵੋ ਤਾਂ ਉਸ ਪਿੱਛੇ ਵੀ ਤੁਹਾਡਾ ਕੋਈ ਵੱਡਾ ਤੇ ਮੁਕੱਦਸ ਮਕਸਦ ਅਤੇ ਕੋਈ ਡੂੰਘੀ ਰਮਜ਼ ਹੋਣੀ ਚਾਹੀਦੀ ਹੈ। ਤੁਹਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਤੁਹਾਡੀ ਚੁੱਪ ਦੂਸਰਿਆਂ ਦੇ ਲੱਖਾਂ ਬੋਲਾਂ ਉੱਪਰ ਭਾਰੀ ਪਵੇ ਅਤੇ ਤੁਹਾਡੀ ਆਪਣੇ ਆਲੇ-ਦੁਆਲੇ ਪ੍ਰਤੀ ਬੇਨਿਆਜ਼ੀ ਤੇ ਬੇਪਰਵਾਹੀ ਬਾ-ਮਕਸਦ ਅਤੇ ਬੇਮਿਸਾਲ ਹੋਵੇ। ਜਦੋਂ ਤੁਸੀਂ ਬਾਹਰ ਦੇਖਣਾ ਬੰਦ ਕਰੋਗੇ ਤਾਂ ਤੁਹਾਨੂੰ ਆਪਣੇ ਅੰਦਰ ਝਾਕਦੇ ਹੋਏ ਉਹਨਾਂ ਪਰਤਾਂ ਤੋਂ ਵੀ ਪਰਦੇ ਉੱਠਦੇ ਹੋਏ ਦਿਖਾਈ ਦੇਣਗੇ, ਜਿਨ੍ਹਾਂ ਉੱਪਰ ਦੁਨੀਆ ਦੇ ਸ਼ੋਰ, ਤੁਹਾਡੀ ਜ਼ਹਾਲਤ ਅਤੇ ਤੁਹਾਡੇ ਤੰਗ ਨਜ਼ਰੀਏ ਤੇ ਹਿਰਸ ਨੇ ਪਰਦੇ ਪਾਏ ਹੁੰਦੇ ਹਨ। ਦਰਅਸਲ ਜਦੋਂ ਮਨੁੱਖ ਆਪਣੇ ਸੋਹਣੇ ਰੱਬ ਨੂੰ ਹਾਜ਼ਰ ਨਾਜ਼ਰ ਹੋ ਕੇ ਮੁਖ਼ਾਤਬ ਹੋ ਕੇ ਬੋਲਦਾ ਹੈ ਜਾਂ ਫਿਰ ਜਦੋਂ ਕਦੇ ਵਕਤੀ ਤੌਰ ਉੱਪਰ ਖਾਮੋਸ਼ੀ ਅਖਤਿਆਰ ਕਰਦਾ ਹੈ, ਜਦੋਂ ਉਹ ਉਸ ਨਿਰੰਕਾਰ ਦੀ ਰਜ਼ਾ ਵਿੱਚ ਦੁਨੀਆ ਦੇ ਫਿਕਰ ਛੱਡ ਕੇ ਬੇਪਰਵਾਹ ਹੋਕੇ ਵਿਚਰਦਾ ਹੈ ਅਤੇ ਜਦੋਂ ਕਦੇ ਉਹ ਆਪਣੇ ਆਸ-ਪਾਸ ਫ਼ਰੇਬ ਦੀ ਦੁਨੀਆ ਨੂੰ ਦੇਖਣ ਦਾ ਲਾਲਚ ਛੱਡ ਕੇ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਆਪਣੇ ਗਿਰੇਬਾਨ ਵਿਚ ਝਾਕਦਾ ਹੈ ਤਾਂ ਉਸ ਨੂੰ ਆਪਣੇ ਧੁਰ ਅੰਦਰੋਂ ਅਨਹਦ ਨਾਦ ਵੱਜਦਾ ਹੋਇਆ ਸੁਣਾਈ ਦੇਣ ਦੇ ਨਾਲ-ਨਾਲ ਕਾਇਨਾਤ ਦੇ ਹਰੇਕ ਜ਼ਰੇ ਵਿਚੋਂ ਉਸ ਸਿਰਜਣਹਾਰ ਦੀ ਝਲਕ ਵੀ ਦਿਖਾਈ ਦਿੰਦੀ ਹੈ। ਅਜਿਹੀ ਮਾਨਸਿਕ ਅਵਸਥਾ ਵਿੱਚ ਇਨਸਾਨ ਦੀ ਖਾਮੋਸ਼ੀ, ਦੇਖ ਕੇ ਅਣਡਿੱਠ ਕਰਨ ਦਾ ਉਸ ਦਾ ਹੁਨਰ ਅਤੇ ਆਪਣੀ ਜਾਂ ਲੋਕਾਂ ਦੀ ਹੋ ਰਹੀ ਨਿੰਦਾ ਵੱਲ ਧਿਆਨ ਨਾ ਦੇਣ ਦੀ ਉਸ ਦੀ ਕਲਾ ਅਖ਼ੀਰ ਵਿਚ ਉਸ ਪਰਵਦਗਾਰ ਦੇ ਦਰ ਉੱਪਰ ਕਬੂਲ ਪੈਂਦੀ ਹੈ। ਯਾਦ ਰੱਖੋ! ਜ਼ਮਾਨੇ ਨੂੰ ਇਹ ਕਦੇ ਤੈਅ ਨਾ ਕਰਨ ਦਿਓ ਕਿ ਤੁਹਾਡੇ ਲਈ ਕੀ ਬੋਲਣਾ, ਦੇਖਣਾ, ਸੁਣਨਾ ਆਦਿ ਬੇਹਤਰ ਹੈ। ਲੋਕਾਂ ਦੀ ਅਖੌਤੀ ਖੁਸ਼ੀ ਹਾਸਲ ਕਰਨਾ ਤੁਹਾਡੇ ਜੀਵਨ ਦਾ ਮਨੋਰਥ ਨਹੀਂ ਹੋਣਾ ਚਾਹੀਦਾ ਹੈ। ਜੇਕਰ ਤੁਹਾਡਾ ਸੋਹਣਾ ਰੱਬ ਇਸ ਗੱਲ ਤੋਂ ਖੁਸ਼ ਰਹੇ ਕਿ ਤੁਸੀਂ ਉਸ ਦੀ ਰਜ਼ਾ ਵਿੱਚ ਚੱਲ ਰਹੇ ਹੋ ਤਾਂ ਫਿਰ ਤੁਹਾਡਾ ਬੋਲਣਾ ਜਾਂ ਖਾਮੋਸ਼ ਰਹਿਣਾ, ਦੇਖਣਾ ਜਾਂ ਦੇਖ ਕੇ ਅਣਡਿੱਠ ਕਰਨਾ, ਸੁਣਨਾ ਜਾਂ ਫਿਰ ਸੁਣ ਕੇ ਵੀ ਕੋਈ ਨਾਕਾਰਾਤਮਿਕ ਅਸਰ ਕਬੂਲ ਨਾ ਕਰਨਾ ਆਦਿ ਸਭ ਉਸ ਦੀ ਦਰਗਾਹ ਉੱਪਰ ਕਬੂਲ ਹੋਏਗਾ। ਹਮੇਸ਼ਾ ਜ਼ਿੰਦਗੀ ਵਿਚ ਕਿਸੇ ਵੀ ਵਰਤਾਰੇ ਨੂੰ ਦੇਖ ਕੇ ਕੋਈ ਪ੍ਰਤੀਕਿਰਆ ਦਿੰਦੇ ਹੋਏ ਜਾਂ ਕਿਸੇ ਇਨਸਾਨ ਨਾਲ ਮਿਲਦੇ, ਵਰਤਦੇ ਜਾਂ ਵਿਚਾਰ ਸਾਂਝੇ ਕਰਦੇ ਹੁੰਦੇ ਹੋਏ ਤੁਸੀਂ ਇਸ ਗੱਲ ਨੂੰ ਹਮੇਸ਼ਾ ਧਿਆਨ ਵਿੱਚ ਰੱਖੋ ਕਿ ਤੁਹਾਡੇ ਬੋਲਾਂ ਤੋਂ, ਤੁਹਾਡੀ ਖਾਮੋਸ਼ੀ ਤੋ, ਤੁਹਾਡੀ ਬੇਪਰਵਾਹੀ ਤੋਂ ਅਤੇ ਤੁਹਾਡੇ ਕਿਸੇ ਤਲਖ਼ ਤਜ਼ਰਬੇ ਦੇ ਕੌੜੇ ਘੁੱਟ ਨੂੰ ਪੀਣ ਦੀ ਸਮਰੱਥਾ ਤੋਂ ਇਹ ਤੈਅ ਹੋਵੇਗਾ ਕਿ ਤੁਸੀਂ ਆਪਣੇ ਖ਼ਾਲਕ ਤੋਂ ਕਿੰਨਾ ਨੇੜੇ ਜਾਂ ਕਿੰਨਾ ਦੂਰ ਹੋ ਅਤੇ ਇਹ ਵੀ ਤੈਅ ਹੋਵੇਗਾ ਕਿ ਤੁਹਾਡੇ ਜੀਵਨ ਰੂਪੀ ਕਿਸ਼ਤੀ ਦਾ ਮਲਾਹ ਉਹ ਖ਼ਾਲਕ ਹੈ ਜਾਂ ਤੁਹਾਡਾ ਚੰਚਲ ਮਨ ਹੈ। ਜੇਕਰ ਦੇਖਿਆ ਜਾਵੇ ਤਾਂ ਕੋਈ ਵੀ ਰੋਸ਼ਨ ਦਿਮਾਗ ਸ਼ਖਸ ਮੌਨ ਉਸ ਸਮੇਂ ਧਾਰਨ ਕਰਦਾ ਹੈ, ਜਦੋਂ ਉਸ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਉਸ ਨੂੰ ਸਹਿਜੇ ਹੀ ਇਸ ਗੱਲ ਦਾ ਯਕੀਨ ਹੋ ਜਾਵੇ ਕਿ ਸੱਚਾ ਗਿਆਨ ਖਾਮੋਸ਼ੀ ਵਿੱਚ ਛੁਪਿਆ ਹੁੰਦਾ ਹੈ ਅਤੇ ਉਹ ਇਹ ਵੀ ਸਵੀਕਾਰ ਕਰ ਲਵੇ ਕਿ ਸਫ਼ਲ ਜੀਵਨ ਦੀ ਅਸਲੀ ਨਿਸ਼ਾਨੀ ਇਹ ਹੀ ਹੈ ਕਿ ਵਿਅਕਤੀ ਦੇ ਸਾਰੇ ਸ਼ੰਕੇ, ਤੌਖਲੇ ਅਤੇ ਸਵਾਲ ਮੁੱਕ ਜਾਣ, ਇਨਸਾਨ ਸਵਾਲਾਂ ਦੀ ਕੈਦ ਤੋਂ ਬਾਹਰ ਆਕੇ ਇਲਾਹੀ ਨੂਰ ਦੀ ਰੌਸ਼ਨੀ ਵਿਚ ਸਹਿਜ ਵਿਚ ਜਿਉਣਾ ਸਿੱਖ ਕੇ ਆਪਣੇ ਅੰਦਰਲੇ ਸ਼ੋਰ ਦੇ ਸ਼ਾਂਤ ਹੋਣ ਪਿਛੋਂ ਨਿਰਛਲ ਅਤੇ ਨਿਰਸਵਾਰਥ ਰਹਿੰਦਿਆਂ ਭੋਲੇਪਨ ਵਿਚ ਆਪਣੇ ਜੀਵਨ ਨੂੰ ਰੁਮਕਦੀਆਂ ਪੌਣਾਂ ਅਤੇ ਸ਼ਾਂਤ ਜਲਧਾਰਾ ਵਾਂਗ ਵਹਿੰਦੇ ਹੋਏ ਆਪਣੇ ਆਸ ਪਾਸ ਦੇ ਲੋਕਾਂ ਦੇ ਹੰਝੂ ਪੂੰਝਦੇ, ਸੁੱਖ-ਦੁੱਖ ਵੰਡਾਉਂਦਿਆਂ ਲੋਕਾਂ ਦੇ ਜ਼ਖ਼ਮਾਂ ਨੂੰ ਨਾਸੂਰ ਬਣਨ ਤੋਂ ਰੋਕੇ ਅਤੇ ਅਨਹਦ ਨਾਦ ਦੀ ਗੂੰਜ ਨੂੰ ਆਪਣੇ ਧੁਰ ਅੰਦਰੋਂ ਸੁਣਦਾ ਹੋਇਆ ਇਸ ਸੰਸਾਰ ਤੋਂ ਰੁਖਸਤ ਹੋਣ ਤੋਂ ਪਹਿਲਾਂ ਕੋਈ ਅਜਿਹੀ ਅਮਿੱਟ ਛਾਪ ਬਣ ਕੇ ਇਸ ਤਰਾਂ ਛੱਡ ਜਾਣ ਦਾ ਯਤਨ ਕਰੇ ਕਿ ਉਸ ਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਬਾਅਦ ਵੀ ਉਹ ਲੋਕਾਂ ਦੀਆਂ ਖੁਸ਼ਗਵਾਰ ਯਾਦਾਂ ਦਾ ਹਿੱਸਾ ਬਣ ਕੇ ਉਹਨਾਂ ਦੇ ਹਰ ਸਵਾਲ ਦਾ ਜਵਾਬ ਬਣ ਜਾਏ ਅਤੇ ਉਸ ਦੀ ਜੀਵਨ ਜਾਚ ਹੋਰਨਾਂ ਲਈ ਸਫਲ ਜੀਵਨ ਦਾ ਪੈਮਾਨਾ ਬਣ ਜਾਵੇ। ਇਨਸਾਨ ਨੂੰ ਜ਼ਿੰਦਗੀ ਵਿਚ ਬੇਲੋੜੇ ਬਹਿਸ-ਮੁਬਾਹਾਸੇ, ਵਾਦ-ਵਿਵਾਦ ਅਤੇ ਤਕਰਾਰਬਾਜ਼ੀ ਤੋਂ ਜਿੰਨਾ ਸੰਭਵ ਹੋ ਸਕੇ ਤਾਂ ਦੂਰ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਗੱਲ ਦੇ ਗ਼ੁਮਾਨ ਤੋਂ ਖ਼ੁਦ ਨੂੰ ਮੁਕਤ ਕਰਨਾ ਚਾਹੀਦਾ ਕਿ ਉਸ ਦੇ ਤੂਣੀਰ ਵਿਚ ਤਰਕ ਦੇ ਤੀਰ ਬਹੁਤ ਹਨ। ਜੇਕਰ ਦੇਖਿਆ ਜਾਵੇ ਤਾਂ ਹਰੇਕ ਇਨਸਾਨ ਬੁਨਿਆਦੀ ਤੌਰ ਉੱਪਰ ਇਸ ਗ਼ਲਤਫਹਿਮੀ ਦਾ ਸ਼ਿਕਾਰ ਹੈ ਕਿ ਉਹ ਦਲੀਲ ਦੇ ਜ਼ੋਰ ਨਾਲ ਹਰੇਕ ਨੂੰ ਸ਼ਿਕਸਤ ਦੇ ਸਕਦਾ ਹੈ। ਯਾਦ ਰਹੇ ਕਿ ਜੇਕਰ ਤੁਸੀਂ ਅਪਣਿਆਂ ਅਤੇ ਬੇਗਾਨਿਆਂ ਨਾਲ ਫਜ਼ੂਲ ਦੀ ਝੱਖ ਮਾਰਨ ਦੀ ਆਪਣੀ ਆਦਤ ਉੱਪਰ ਸਮੇਂ ਸਿਰ ਕਾਬੂ ਨਾ ਪਾਇਆ ਤਾਂ ਜ਼ਿੰਦਗੀ ਦੇ ਅਨਮੋਲ ਰਿਸ਼ਤਿਆਂ ਨੂੰ ਆਪਣੇ ਤਰਕ ਦੇ ਤਿੱਖੇ ਅਤੇ ਬੇਲਿਹਾਜ਼ ਤੀਰਾਂ ਨਾਲ ਵਿੰਨ੍ਹਦੇ ਹੋਏ ਇਕ ਦਿਨ ਤੁਸੀਂ ਆਪਣੇ ਆਪ ਨੂੰ ਲੋਕਾਂ ਦੀ ਭੀੜ ਵਿਚ ਤਨਹਾ ਅਤੇ ਅਲੱਗ-ਥਲੱਗ ਮਹਿਸੂਸ ਕਰੋਗੇ। ਜੇਕਰ ਹੋ ਸਕੇ ਤਾਂ ਤੁਸੀਂ ਖਾਮੋਸ਼ ਰਹਿਣ ਦੀ ਕਲਾ ਸਿੱਖੋ, ਤੁਸੀਂ ਉਸ ਵੇਲੇ ਬੋਲੋ ਜਦੋਂ ਤੁਹਾਨੂੰ ਆਪਣੇ ਧੁਰ ਅੰਦਰੋਂ ਇਹ ਯਕੀਨ ਹੋਵੇ ਕਿ ਤੁਹਾਡੇ ਬੋਲ ਤੁਹਾਡੇ ਮੌਨ ਤੋਂ ਬੇਹਤਰ ਹਨ। ਜ਼ਿੰਦਗੀ ਵਿਚ ਕਈ ਵਾਰ ਉਚਿਤ ਸਮੇਂ ਉੱਪਰ ਤੁਹਾਡੇ ਮੂੰਹੋਂ ਨਿਕਲੇ ਉਚਿਤ ਸ਼ਬਦ ਅਤੇ ਕਈ ਵਾਰ ਸਹੀ ਮੌਕੇ ਉੱਪਰ ਤੁਹਾਡੇ ਵੱਲੋਂ ਧਾਰਨ ਕੀਤੀ ਗਈ ਖਾਮੋਸ਼ੀ ਤੁਹਾਡੇ ਲਈ ਤੁਹਾਡੀ ਮੁਕਤੀ ਦਾ ਦਰ ਖੋਲ ਸਕਦੀ ਹੈ ਅਤੇ ਪਗਡੰਡੀਆਂ ਤੋਂ ਸ਼ਾਹਰਾਹ ਤੱਕ ਦੇ ਤੁਹਾਡੇ ਸਫ਼ਰ ਨੂੰ ਆਸਾਨ ਬਣਾ ਸਕਦੀ ਹੈ। ਆਪਣੇ ਬੋਲਾਂ ਨੂੰ ਲੋਕਾਂ ਦੇ ਅਲ੍ਹੇ ਜ਼ਖਮਾਂ ਨੂੰ ਰਾਹਤ ਪਹੁੰਚਾਉਣ ਵਾਲੀ ਮਲ੍ਹਮ ਬਣਾਉਣ ਦਾ ਯਤਨ ਕਰੋ ਅਤੇ ਕੋਸ਼ਿਸ਼ ਕਰੋ ਕਿ ਤੁਹਾਡੇ ਬੋਲ ਕਦੇ ਵੀ ਨਸ਼ਤਰ ਬਣਕੇ ਕਿਸੇ ਦੇ ਜ਼ਖਮਾਂ ਨੂੰ ਨਾਸੂਰ ਨਾ ਬਣਾਉਣ। ਇਸ ਗੱਲ ਨੂੰ ਆਪਣੇ ਜ਼ਿਹਨ ਵਿਚ ਹਮੇਸ਼ਾ ਰੱਖੋ ਕਿ ਤੁਹਾਡੇ ਵੱਲੋਂ ਉਚਾਰਿਆ ਹਰ ਵਾਕ ਜਾਂ ਤੁਹਾਡੇ ਵਲੋਂ ਵਕਤੀ ਤੌਰ ਉੱਪਰ ਧਾਰਨ ਕੀਤੀ ਗਈ ਖਾਮੋਸ਼ੀ ਕਦੇ ਵੀ ਬੇਅਰਥ, ਬੇਅਸਰ ਅਤੇ ਬੇਸਬੱਬ ਨਹੀਂ ਹੋਣੀ ਚਾਹੀਦੀ ਹੈ।

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

ਸਿਹਤਨਾਮਾ


# ਸੀਲੀਅਕ ਡੀਜੀਜ : ਪਹਿਚਾਣ ਤੇ ਇਲਾਜ





**ਡਾ: ਕਰਨੈਲ ਸਿੰਘ ਸ਼ੇਰਗਿੱਲ**
ਫੈਮਲੀ ਡਾਕਟਰ ਤੇ ਪੇਟ ਦੀਆਂ ਬੀਮਾਰੀਆਂ ਦੇ ਸ਼ਪੈਸ਼ਲਿਸਟ
00447803142642

ਇਹ ਲੇਖ ਸੀਲੀਅਕ ਡੀਜੀਜ ਦੇ ਮਰੀਜ਼ਾਂ ਦੀ ਜਾਣਕਾਰੀ ਲਈ ਲਿਖਿਆ ਗਿਆ ਹੈ। ਇਸ ਬੀਮਾਰੀ ਨੂੰ ਤੇ ਇਸ ਦੇ ਨਾਲ ਸਿਹਤ ਤੇ ਹੋਣ ਵਾਲੇ ਨੁਕਸਾਨ ਤੇ ਇਸ ਦੇ ਇਲਾਜ ਨੂੰ ਸਮਝਣਾ ਬਹੁਤ ਜਰੂਰੀ ਹੈ। ਇਹ ਜਾਣਕਾਰੀ ਪੜ੍ਹ ਕੇ ਜੇ ਕਰ ਫਿਰ ਵੀ ਇਸ ਵਾਰੇ ਤੁਹਾਡੇ ਦਿਮਾਗ ਵਿੱਚ ਹੋਰ ਸ਼ੰਕਾ ਹੋਵੇ ਤਾਂ ਤੁਸੀਂ ਆਪਣੇ ਡਾਕਟਰ ਤੋਂ ਜਾਂ ਸੀਲੀਅਕ ਸੋਸਾਇਟੀ ਤੇ ਜਾਂ ਫਿਰ ਮੈਨੂੰ ਫੋਨ ਕਰ ਕੇ ਸਲਾਹ ਲੈ ਸਕਦੇ ਹੋ। ਜੇ ਕਰ ਇਸਦਾ ਇਲਾਜ ਜਾਰੀ ਨਾ ਰੱਖਿਆ ਜਾਵੇ ਤਾਂ ਇਹ ਬੀਮਾਰੀ ਸਾਰੀ ਉਮਰ ਮੁੜ ਮੁੜ ਕੇ ਲਗਦੀ ਰਹਿੰਦੀ ਹੈ ਤੇ ਛੋਟੀ ਆਂਦਰ ਦਾ ਲਿਮਫੋਮਾ ਨਾਂ ਦਾ ਕੈਂਸਰ ਹੋਣ ਦਾ ਖ਼ਤਰਾ ਹੁੰਦਾ ਹੈ।। ਇਸ ਦਾ ਇਲਾਜ ਬਹੁਤ ਸੌਖਾ ਹੈ, ਸਿਰਫ ਗਲੂਟਨ ਤੋਂ ਰਹਿਤ ਖੁਰਾਕ ਖਾਣਾ। ਸੀਲੀਅਕ ਡੀਜੀਜ ਦਾ ਇਲਾਜ ਤਾਂ ਹੀ ਕਾਮਯਾਬ ਹੁੰਦਾ ਹੈ, ਜੇਕਰ ਇਸ ਬੀਮਾਰੀ ਦੇ ਮਰੀਜ਼ ਆਪਣੀ ਖੁਰਾਕ ਵਿੱਚ ਗਲੂਟਨ ਨੂੰ ਆਪਣੀ ਖੁਰਾਕ ਵਿੱਚੋਂ ਹਮੇਸਾਂ ਲਈ ਕੱਢ ਦੇਣ। ਪੰਜਾਬੀ ਦੁਨੀਆਂ ਦੇ ਸਭ ਤੋਂ ਵੱਡੇ ਨਸਲੀ ਸਮੂਹਾਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਘੱਟੋ-ਘੱਟ 124 ਮਿਲੀਅਨ



ਸੰਖਿਆ ਹੈ। ਪੰਜਾਬੀਆਂ ਦੀ ਖੁਰਾਕ ਜਿਆਦਾ ਕਰ ਕੇ ਕਣਕ ਦੇ ਅਨਾਜ ਤੇ ਅਧਾਰਤ ਹੈ। ਯੂਰਪ ਤੇ ਪੱਛਮੀ ਦੇਸਾਂ ਦੇ ਮੈਡੀਕਲ ਖੇਤਰਾਂ ਦਾ ਇਹ ਵਿਸ਼ਵਾਸ ਸੀ ਕਿ ਇਹ ਬੀਮਾਰੀ ਏਸ਼ੀਅਨ ਤੇ ਪੰਜਾਬੀਆਂ ਵਿੱਚ ਨਹੀਂ ਪਾਈ ਜਾਂਦੀ ਪਰ 1993 ਵਿੱਚ ਮੇਰੀ ਖਾਸ ਖੋਜ ਨੇ ਸਾਬਤ ਕਰ ਦਿੱਤਾ ਕਿ ਸੀਲੀਅਕ ਬੀਮਾਰੀ ਦਰਅਸਲ, ਪੰਜਾਬੀ ਪ੍ਰਵਾਸੀਆਂ ਵਿੱਚ ਦੂਜੇ ਯੂਰਪੀਅਨਾਂ ਨਾਲੋਂ ਤਿੰਨ ਗੁਣਾ ਵੱਧ ਹੁੰਦੀ ਹੈ। ਇਸ ਨਾਲ ਇਹ ਸੁਝਾਅ ਮਿਲਦਾ ਹੈ ਕਿ ਤਿੰਨ ਮਿਲੀਅਨ ਤੋਂ ਵੱਧ ਪੰਜਾਬੀ ਇਸ ਬੀਮਾਰੀ ਦਾ ਸ਼ਿਕਾਰ ਹੋ ਸਕਦੇ ਹਨ। ਇਸ ਲਈ ਇਸ ਬਿਮਾਰੀ ਵਾਰੇ ਤੇ ਇਸ ਦੇ ਇਲਾਜ ਵਾਰੇ ਜਾਣਨਾ ਬਹੁਤ ਗਰੂਰੀ ਹੈ।

### ਸੀਲੀਅਕ ਬੀਮਾਰੀ ਹੈ ਕੀ ?

ਸੀਲੀਅਕ ਡੀਜੀਜ ਇੱਕ ਐਸੀ ਬੀਮਾਰੀ ਹੈ ਜੋ ਕਿ ਕਣਕ ਦੇ ਆਟੇ ਵਿੱਚ ਗਲੂਟਨ ਨਾਂ ਦੇ ਮਾਦੇ ਕਾਰਣ ਹੁੰਦੀ ਹੈ। ਇਹ ਮਾਦਾ ਸਾਡੀਆਂ ਖਾਣਾ ਹਜਮ ਕਰਨ ਵਾਲੀ ਆਂਦਰ ਦੀ ਅੰਦਰਲੀ ਤਹਿ ਨੂੰ ਨਸ਼ਟ ਕਰ ਦੇਂਦਾ ਹੈ। ਜਿਸ ਕਰਕੇ ਸਰੀਰ ਵਿੱਚ ਖਾਣਾ ਹਜਮ ਨਹੀਂ ਹੁੰਦਾ। ਇਹਨਾਂ ਛੋਟੀਆਂ ਆਂਦਰਾਂ ਨੂੰ ਇੰਗਲਿਸ਼ ਵਿੱਚ ਡੀਊਡੀਨਮ ਤੇ ਜੈਜੂਨਮ ਕਹਿੰਦੇ ਹਨ ਜਿਹਨਾਂ ਰਾਹੀਂ ਖਾਣਾ ਹਜਮ ਹੋ ਕੇ ਸਾਡੇ ਖੂਨ ਵਿੱਚ ਜਾ ਕੇ ਸਾਰੇ ਸਰੀਰ ਵਿੱਚ ਜਾਂਦਾ ਹੈ। ਖਾਣਾ ਹਜਮ ਨਾਂ ਹੋਣ ਕਰਕੇ ਮਰੀਜ਼ ਨੂੰ ਲੰਬੀਆਂ ਟੱਟੀਆਂ ਲੱਗ ਜਾਂਦੀਆਂ ਹਨ, ਬੱਚਿਆਂ ਦਾ ਵਧਣਾ ਰੁਕ ਜਾਂਦਾ ਹੈ, ਤੇ ਕਈ ਮਰੀਜ਼ਾਂ ਦਾ ਭਾਰ ਘਟ ਜਾਂਦਾ ਹੈ। ਸ਼ਰੀਰ ਵਿੱਚ ਤਾਕਤ ਵੀ ਘਟ ਜਾਂਦੀ ਹੈ। ਯਾਦ ਰਹੇ ਕਿ ਇਹ ਬੀਮਾਰੀ ਕਣਕ ਖਾਣ ਵਾਲੇ ਸਾਰੇ ਲੋਕਾਂ ਨੂੰ ਨਹੀਂ ਲਗਦੀ ਸਿਰਫ ਉਹਨਾਂ ਹੀ ਲੋਕਾਂ ਨੂੰ ਲਗਦੀ ਹੈ ਜਿਨ੍ਹਾਂ ਦੇ ਸਰੀਰ ਵਿੱਚ ਖਾਸ ਕਰਕੇ ਉਹਨਾਂ ਦੀਆਂ ਛੋਟੀਆਂ ਆਂਦਰਾਂ ਵਿੱਚ ਜਨਮ ਤੋਂ ਹੀ ਅਜਿਹੇ ਜੀਨ ਹੁੰਦੇ ਹਨ ਜਿਹਨਾਂ ਕਰਕੇ ਗਲੂਟਨ ਮਾਫਿਕ ਨਹੀ ਬਹਿੰਦੀ। ਇਹਨਾਂ ਲੋਕਾਂ ਦੇ ਸ਼ਰੀਰ ਵਿੱਚ ਇਹ ਖਾਸ ਕਿਸਮ ਦੇ ਜੀਨ ਗਲੂਟਨ ਨਾਲ ਮਾੜਾ ਮੇਲ ਖਾਂਦੇ ਹਨ। ਇਸ ਕਰਕੇ ਖਾਣਾ ਹਜਮ ਕਰਨ ਵਾਲੀ ਅੰਤੜੀ ਦੀ ਅੰਦਰਲੀ ਗੁੰਝਲਦਾਰ ਲੰਬੀ ਤਹਿ ਨੂੰ ਫਲੈਟ ਕਰਕੇ ਲੰਬਾਈ ਵਿੱਚ ਛੋਟਾ ਕਰ ਦਿੰਦੇ ਹਨ ਜਿਸ ਕਰ ਕੇ ਖਾਣਾ ਘਟ ਹਜਮ ਹੁੰਦਾ ਹੈ।

### ਇਸ ਬੀਮਾਰੀ ਦੇ ਕੀ ਲੱਛਣ ਜਾਂ ਨਿਸ਼ਾਨੀਆਂ ਹਨ ?

ਛੋਟੇ ਬੱਚਿਆਂ ਵਿੱਚ,
• ਬੱਚਿਆਂ ਵਿੱਚ ਉਮਰ ਦੇ ਹਿਸਾਬ ਨਾਲ ਵਾਧੇ ਦਾ ਰੁਕਣਾ। • ਭਾਰ ਦਾ ਨਾ ਵਧਣਾ • ਲੰਬੀਆਂ ਟੱਟੀਆਂ ਲੱਗਣਾ। • ਖੂਨ ਦੀ ਕਮੀ। • ਵਾਰ ਵਾਰ ਪੇਟ ਦਰਦ।

ਜੁਆਨ ਮਰੀਜ਼ਾਂ ਵਿੱਚ
• ਲੰਬੀਆਂ ਟੱਟੀਆਂ ਦਾ ਲੱਗਣਾ, • ਵਿਟਾਮਿਨ, ਕੈਲਸ਼ੀਅਮ ਤੇ ਆਇਰਨ ਦੀ ਊਣਤਾਈ। • ਸਰੀਰ ਵਿੱਚ ਖੂਨ ਦੀ ਕਮੀ। • ਬਿਨਾ ਵਜ੍ਹਾ ਪੇਟ ਦੀ ਦਰਦ। • ਸ਼ਰੀਰ ਵਿੱਚ ਕਮਜ਼ੋਰੀ ਤੇ ਸ਼ਕਤੀ ਦੀ ਘਾਟ। ਇਹ ਗੱਲ ਵੀ ਯਾਦ ਰਹੇ ਕਿ ਇਸ ਬੀਮਾਰੀ ਕਈ ਮੋਟੇ ਲੋਕਾਂ ਨੂੰ ਵੀ ਹੋ ਸਕਦੀ ਹੈ।

### ਇਹ ਬੀਮਾਰੀ ਕਿਵੇਂ ਹੁੰਦੀ ਹੈ ?

ਇਹ ਬੀਮਾਰੀ ਕਣਕ ਦੇ ਆਟੇ ਵਿੱਚ ਇੱਕ ਕੁਦਰਤੀ ਮਾਦੇ ਜਿਸ ਨੂੰ ਗਲੂਟਨ ਕਿਹਾ ਜਾਂਦਾ ਹੈ, ਦੇ ਕਾਰਨ ਹੁੰਦੀ ਹੈ। . ਗਲੂਟਨ ਦੇ ਨਾਲ ਖਾਣੇ ਹਜਮ ਕਰਨ ਵਾਲੀਆਂ ਅੰਤੜੀਆਂ ਖ਼ਰਾਬ ਜਾਂ ਨਸ਼ਟ ਹੋ ਜਾਂਦੀਆਂ ਹਨ ਜਿਸ ਕਰਕੇ ਖਾਣਾ ਚੰਗੀ ਤਰ੍ਹਾਂ ਹਜਮ ਨਹੀਂ ਹੁੰਦਾ। ਕਣਕ ਤੇ ਰਾਈ ਵਿੱਚ ਗਲੂਟਨ ਵੀ ਕਾਫੀ ਮਿਕਦਾਰ ਵਿੱਚ ਹੁੰਦਾ ਹੈ। ਇਸ ਕਰਕੇ ਗਲੂਟਨ ਕਈ ਖਾਣਿਆਂ ਵਿੱਚ ਹੁੰਦੀ ਹੈ। ਇਹ ਕਈ ਦੁਆਈਆਂ ਤੇ ਆਈਸ ਕਰੀਮ ਵਿੱਚ ਵੀ ਪਾਇਆ ਜਾਂਦਾ ਹੈ। ਪਰ ਓਟ ਵਿੱਚ ਗਲੂਟਨ ਬਹੁਤ ਘੱਟ ਹੰਦਾ ਹੈ। ਸਾਰੇ ਖਾਣਿਆਂ ਵਿੱਚੋਂ ਗਲੂਟਨ ਕੱਢਿਆ ਜਾ ਸਕਦਾ ਹੈ ਤੇ ਜਾਂ ਫਿਰ ਅਜਿਹੇ ਭੋਜਨ ਨਹੀਂ ਖਾਣੇ ਚਾਹੀਦੇ ਜਿਹਨਾਂ ਵਿੱਚ ਗਲੂਟਨ ਹੋਵੇ।

### ਇਹ ਬੀਮਾਰੀ ਸਿਰਫ ਖਾਸ ਇੱਕ ਲੋਕਾਂ ਨੂੰ ਹੀ ਕਿਉਂ ਹੁੰਦੀ ਹੈ ?

ਸੀਲੀਅਕ ਡੀਜੀਜ ਦੀ ਬੀਮਾਰੀ ਪਰਿਵਾਰਾਂ ਵਿੱਚ ਪੀੜੀਆਂ ਤੋਂ ਅਗਲੀਆਂ ਪੀੜੀਆਂ ਤੱਕ ਤੁਰੀ ਰਹਿੰਦੀ ਹੈ। ਇਸ ਕਰਕੇ ਮਰੀਜ਼ ਦੇ ਦਸ ਪ੍ਰਤਿਸ਼ਤ ਬਹੁਤ ਨਜ਼ਦੀਕੀ ਰਿਸ਼ਤੇਦਾਰ ਜਿਵੇਂ ਭੈਣ ਭਰਾ, ਮਾਪੇ ਤੇ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਇਹ ਜਾਨਣਾ ਕਿ ਕਿਹੜੇ ਰਿਸ਼ਤੇਦਾਰ ਨੂੰ ਇਹ ਬੀਮਾਰੀ ਲੱਗ ਸਕਦੀ ਹੈ, ਬਹੁਤ ਮੁਸ਼ਕਿਲ ਹੈ। ਇਸ ਕਰਕੇ ਸਾਰੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਆਪਣੇ ਡਾਕਟਰ ਕੋਲੋਂ ਇਸ ਬੀਮਾਰੀ ਦਾ ਬਲੱਡ ਟੈਸਟ ਕਰਵਾ ਲੈਣਾ ਚਾਹੀਦਾ ਹੈ।

ਚਲਦਾ...



# ਸ਼ਾਸਤਰੀ ਗਾਇਕ ਉਸਤਾਦ ਰਾਸ਼ਿਦ ਖਾਨ ਦਾ ਦੇਹਾਂਤ



ਕੋਲਕਾਤਾ-ਸ਼ਾਸਤਰੀ ਗਾਇਕ ਉਸਤਾਦ ਰਾਸ਼ਿਦ ਖਾਨ ਦਾ ਅੱਜ ਦੇਹਾਂਤ ਹੋ ਗਿਆ। ਉਹ 55 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਪ੍ਰੋਸਟੇਟ ਕੈਂਸਰ ਲਈ ਕੋਲਕਾਤਾ ਦੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਤੋਂ ਇਲਾਵਾ ਦੋ ਪੁੱਤਰ ਤੇ ਇਕ ਧੀ ਹਨ। ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਦੇਹਾਂਤ ਬਾਅਦ ਦੁਪਹਿਰ 3.45 ਵਜੇ ਹੋਇਆ। ਰਾਸ਼ਿਦ ਖਾਨ ਰਾਮਪੁਰ-ਸਹਿਸਵਾਨ ਘਰਾਣੇ ਨਾਲ ਸਬੰਧਤ ਸਨ। ਉਹ ਇਸ ਘਰਾਣੇ ਦੇ ਬਾਨੀ ਇਨਾਇਤ ਹੁਸੈਨ ਖਾਨ ਦੇ ਪੜਪੋਤੇ ਸਨ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਸ਼ਿਦ ਖਾਨ ਦੇ ਦੇਹਾਂਤ ਉਤੇ ਦੁੱਖ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪੂਰੇ ਮੁਲਕ ਲਈ ਵੱਡਾ ਘਾਟਾ ਹੈ। ਮੁੱਖ ਮੰਤਰੀ ਨੇ ਪਰਿਵਾਰ ਨਾਲ ਸੰਵੇਦਨਾ ਜ਼ਾਹਿਰ ਕੀਤੀ। ਬੈਨਰਜੀ ਨੇ ਕਿਹਾ ਕਿ ਭਲਕੇ ਰਾਸ਼ਿਦ ਖਾਨ ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਦਫ਼ਨਾਇਆ ਜਾਵੇਗਾ। ਮ੍ਰਿਤਕ ਦੇਹ ਨੂੰ ਭਲਕੇ ਅੰਤਿਮ ਦਰਸ਼ਨਾਂ ਲਈ ਰਬਿੰਦਰ ਸਦਨ ਲਿਆਂਦਾ ਜਾਵੇਗਾ। ਦੱਸਣਯੋਗ ਹੈ ਕਿ ਰਾਸ਼ਿਦ ਪਿਛਲੇ ਕੁਝ ਸਮੇਂ ਤੋਂ ਵੈਂਟੀਲੇਟਰ ਉਤੇ ਸਨ।

# ਬੱਚਿਆਂ ਨਾਲ ਪਿਆਰ ਦਾ ਇਜ਼ਹਾਰ ਨਹੀਂ ਕਰਦੇ ਸਨ ਰਿਸ਼ੀ ਕਪੂਰ-ਨੀਤੂ ਸਿੰਘ

## ਸਿਰਫ ਆਖ਼ਰੀ ਸਮੇਂ ਪਰਿਵਾਰ ਦੇ ਨੇੜੇ ਹੋਏ ਸਨ ਰਿਸ਼ੀ ਕਪੂਰ



ਮੁੰਬਈ: ਬੌਲੀਵੁੱਡ ਦੀ ਉੱਘੀ ਅਦਾਕਾਰਾ ਨੀਤੂ ਕਪੂਰ 'ਕੌਫੀ ਵਿਦ ਕਰਨ' ਦੇ ਹਾਲੀਆ ਐਪੀਸੋਡ ਵਿੱਚ ਨਜ਼ਰ ਆਈ। ਇਸ ਮੌਕੇ ਉਸ ਨੇ ਆਪਣੇ ਪੇਸ਼ੇਵਰ ਜ਼ਿੰਦਗੀ ਦੇ ਨਾਲ ਆਪਣੀ ਨਿੱਜੀ ਜ਼ਿੰਦਗੀ ਦੇ ਰਾਜ਼ ਵੀ ਦੱਸੇ। ਨੀਤੂ ਸਿੰਘ ਨੇ ਵੀ ਖੁਲਾਸਾ ਕੀਤਾ ਕਿ ਉਸ ਦੇ ਮਰਹੂਮ ਪਤੀ ਤੇ ਅਦਾਕਾਰ ਰਿਸ਼ੀ ਕਪੂਰ ਆਪਣੇ ਬੱਚਿਆਂ ਰਣਬੀਰ ਅਤੇ ਰਿਧਿਮਾ ਦੇ ਦੋਸਤ ਨਹੀਂ ਬਣੇ ਪਰ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਰਿਸ਼ੀ ਨੇ ਆਪਣੇ ਬੱਚਿਆਂ ਨਾਲ ਨੇੜਤਾ ਵਧਾਈ। ਨੀਤੂ ਕਪੂਰ ਨੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਰਿਸ਼ੀ ਕਪੂਰ ਦਾ ਕੈਂਸਰ ਦਾ ਇਲਾਜ ਨਿਊਯਾਰਕ ਦੇ ਹਸਪਤਾਲ ਵਿਚ ਚਲ ਰਿਹਾ ਸੀ। ਉਸ ਨੇ ਦੱਸਿਆ ਕਿ ਇਹ ਸਿਰਫ ਉਹੀ ਸਮਾਂ ਸੀ ਜਦੋਂ ਉਸ ਨੇ ਆਪਣੇ ਪਰਿਵਾਰ ਨਾਲ ਖੁੱਲ੍ਹ ਕੇ ਸਮਾਂ ਬਿਤਾਇਆ। ਨੀਤੂ ਸਿੰਘ ਨੇ ਕਿਹਾ,'ਚਿੰਟੂ ਜੀ (ਰਿਸ਼ੀ ਕਪੂਰ) ਮੈਨੂੰ ਪਾਰਟੀਆਂ ਕਰਨ ਤੇ ਬਾਹਰ ਜਾਣ ਤੋਂ ਵੀ ਰੋਕਦੇ ਸਨ ਪਰ ਉਹ ਮੈਨੂੰ ਬਹੁਤ ਪਿਆਰ ਕਰਦੇ ਸਨ। ਉਹ ਭਾਵੇਂ ਬੱਚਿਆਂ ਨੂੰ ਵੀ ਬਹੁਤ ਪਿਆਰ ਕਰਦੇ ਸਨ ਪਰ ਕਦੇ ਵੀ ਆਪਣੇ ਪਿਆਰ ਦਾ ਇਜ਼ਹਾਰ ਬੱਚਿਆਂ ਤੇ ਹੋਰ ਲੋਕਾਂ ਨਾਲ ਨਹੀਂ ਕਰਦੇ ਸਨ। ਉਨ੍ਹਾਂ ਹਮੇਸ਼ਾ ਦੂਰੀ ਬਣਾਈ ਰੱਖੀ। ਕਰਨ ਜੌਹਰ ਨੇ ਨੀਤੂ ਸਿੰਘ ਨੂੰ ਪੁੱਛਿਆ ਕਿ ਉਹ ਆਪਣੇ ਬੱਚਿਆਂ ਨੂੰ ਕੀ ਸਲਾਹ ਦੇਣਾ ਚਾਹੁੰਦੀ ਹੈ ਤਾਂ ਨੀਤੂ ਸਿੰਘ ਨੇ ਕਿਹਾ, 'ਉਹ ਜੋ ਦਿਲ ਕਰਦਾ ਹੈ ਕਰਨ ਤੇ ਖੁਸ਼ ਰਹਿਣ ਕਿਉਂਕਿ ਪੀੜ੍ਹੀ ਦਰ ਪੀੜ੍ਹੀ ਬਹੁਤ ਫਰਕ ਪੈਂਦਾ ਹੈ। ਮੈਂ ਜਿਸ ਦੌਰ ਵਿਚੋਂ ਲੰਘੀ ਤੇ ਸਮਾਂ ਬਿਤਾਇਆ ਤੇ ਮੈਂ ਇਹ ਉਮੀਦ ਨਹੀਂ ਕਰ ਸਕਦੀ ਕਿ ਉਹ ਵੀ ਮੇਰੇ ਜਿਹਾ ਕੰਮ ਕਰਨ।' ਜ਼ਿਕਰਯੋਗ ਹੈ ਕਿ ਰਣਬੀਰ ਤੇ ਆਲੀਆ ਭੱਟ 14 ਅਪਰੈਲ, 2022 ਨੂੰ ਵਿਆਹ ਬੰਧਨ ਵਿੱਚ ਬੱਝ ਗਏ ਸਨ।



# ਦਰਸ਼ਕਾਂ 'ਤੇ ਸਾਰਥਕ ਪ੍ਰਭਾਵ ਪਾਉਣ ਵਾਲੀਆਂ ਫ਼ਿਲਮਾਂ ਦੀ ਤਲਾਸ਼-ਮਾਧੁਰੀ ਦਿਕਸ਼ਤ

ਮੁੰਬਈ: ਫਿਲਮ ਅਦਾਕਾਰਾ ਮਾਧੁਰੀ ਦੀਕਸ਼ਿਤ ਨੇ ਅਦਾਕਾਰੀ ਤੋਂ ਬਾਅਦ ਫਿਲਮਾਂ ਦੇ ਨਿਰਮਾਣ ਦਾ ਵੀ ਰੁਖ਼ ਕਰ ਲਿਆ ਹੈ। ਉਸ ਦਾ ਕਹਿਣਾ ਹੈ ਕਿ ਉਹ ਸਾਰਥਕ ਸਿਨੇਮਾ ਕਰਨ ਦੀ ਇੱਛੁਕ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਅਜਿਹੀਆਂ ਫਿਲਮਾਂ ਦਾ ਦਰਸ਼ਕਾਂ 'ਤੇ ਸਕਾਰਾਤਮਕ ਅਸਰ ਪੈਂਦਾ ਹੈ। ਨੱਬੇ ਦੇ ਦਹਾਕੇ ਵਿੱਚ ਸੁਪਰਹਿੱਟ ਫਿਲਮਾਂ 'ਦਿਲ', 'ਸਾਜਨ', 'ਹਮ ਆਪਕੇ ਹੈ ਕੌਨ..!' ਦੇਣ ਵਾਲੀ ਮਾਧੁਰੀ ਨੇ ਬੌਲੀਵੁਡ 'ਤੇ ਲੰਬਾ ਸਮਾਂ ਰਾਜ ਕੀਤਾ ਹੈ। ਉਹ ਆਪਣੀ ਦੂਜੀ ਪਾਰੀ ਵਿੱਚ 'ਆਜਾ ਨੱਚ ਲੈ', 'ਬਕੇਟ ਲਿਸਟ', 'ਡੇਢ ਇਸ਼ਕੀਆਂ' ਅਤੇ 'ਮਾਜਾ ਮਾ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਅਦਾਕਾਰਾ ਨੇ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਂ ਅਜਿਹੀਆਂ ਫਿਲਮਾਂ ਅਤੇ ਕਿਰਦਾਰਾਂ ਦੀ ਤਲਾਸ਼ ਕਰ ਰਹੀ ਹਾਂ ਜੋ ਔਖੇ ਤੇ ਵੱਖਰੇ ਹੋਣ ਅਤੇ ਉਹ ਦਰਸ਼ਕਾਂ 'ਤੇ ਪ੍ਰਭਾਵ ਪਾਉਣ ਤੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਨ।' ਉਸ ਦੀ ਨਵੀਂ ਮਰਾਠੀ ਫਿਲਮ 'ਪੰਚਕ' ਅੰਧਵਿਸ਼ਵਾਸ ਅਤੇ ਮੌਤ ਦੇ ਡਰ ਵਰਗੇ ਵਿਸ਼ਿਆਂ ਦੁਆਲੇ ਘੁੰਮਦੀ ਹੈ। ਇਸ ਫਿਲਮ ਦੇ ਨਿਰਮਾਣ ਵਿੱਚ ਮਾਧੁਰੀ ਦਾ ਉਸ ਦੇ ਪਤੀ ਸ੍ਰੀਰਾਮ ਨੇਨੇ ਨੇ ਵੀ ਸਹਿਯੋਗ ਦਿੱਤਾ ਹੈ।

# ਮੋਦੀ ਨੇ ਹਰੀਹਰਨ ਦੇ ਭਜਨ 'ਸਬ ਨੇ ਤੁਮਹੇ ਪੁਕਾਰਾ ਸ੍ਰੀ ਰਾਮ ਜੀ' ਦੇ ਗੁਣ ਗਾਏ

ਮੁੰਬਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਪਹਿਲਾਂ ਗਾਇਕ ਹਰੀਹਰਨ ਦੇ ਭਜਨ 'ਸਬ ਨੇ ਤੁਮਹੇ ਪੁਕਾਰਾ ਸ੍ਰੀ ਰਾਮ ਜੀ' ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਐਕਸ (ਪਹਿਲਾਂ ਟਵਿੱਟਰ)) 'ਤੇ ਇਹ ਭਜਨ ਸਾਂਝਾ ਕਰਦਿਆਂ ਇਸ ਦੀ ਕੈਪਸ਼ਨ ਹਿੰਦੀ ਵਿਚ ਲਿਖਦਿਆਂ ਕਿਹਾ, 'ਹਰੀਹਰਨ ਜੀ ਕੇ ਅਦਭੁਤ ਸੁਰੋਂ ਸੇ ਸਜਾ ਯੇਹ ਰਾਮ ਭਜਨ ਹਰ ਕਿਸੀ ਕੋ ਪ੍ਰਭੂ ਸ੍ਰੀ ਰਾਮ ਕੀ ਭਗਤੀ ਮੇਂ ਲੀਨ ਕਰ ਦੇਨੇ ਵਾਲਾ ਹੈ। ਆਪ ਭੀ ਇਸ ਮਨੋਹਾਰੀ ਭਜਨ ਕਾ ਆਨੰਦ ਉਠਾਏਂ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਲਾਘਾ ਕਰਨ ਤੋਂ ਬਾਅਦ ਖੁਸ਼ੀ ਵਿਚ ਖੀਵੇ ਹੋਏ ਗਾਇਕ ਹਰੀਹਰਨ ਨੇ ਇਸ ਖਬਰ ਏਜੰਸੀ ਨੂੰ ਕਿਹਾ, 'ਇਹ ਇੱਕ ਪੁਰਾਣਾ ਭਜਨ ਹੈ, ਮੈਂ ਇਹ 20-25 ਸਾਲ ਪਹਿਲਾਂ ਗਾਇਆ ਸੀ।



# ਚਰਿੱਤਰ ਅਦਾਕਾਰ ਸ਼ਵਿੰਦਰ ਸਿੰਘ ਮਾਹਲ

ਪੰਜਾਬੀ ਸਿਨਮਾ ਵਿੱਚ ਰੋਹਬਦਾਰ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਉੱਘੇ ਚਰਿੱਤਰ ਅਦਾਕਾਰ ਸ਼ਵਿੰਦਰ ਸਿੰਘ ਮਾਹਲ ਦਾ ਨਾਮ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਨੇ ਆਪਣੀ ਬਿਹਤਰੀਨ ਅਦਾਕਾਰੀ ਦੇ ਨਾਲ ਹਿੰਦੀ ਤੇ ਪੰਜਾਬੀ ਫਿਲਮ ਇੰਡਸਟਰੀ ਵਿੱਚ ਨਿਰਦੇਸ਼ਕ ਵਜੋਂ ਵੀ ਨਾਮ ਕਮਾਇਆ ਹੈ। ਉਹ ਜ਼ਿਲ੍ਹਾ ਰੋਪੜ ਦੇ ਪਿੰਡ ਮਾਹਲ ਕਲਾਂ ਦਾ ਜੰਮਪਲ ਹੈ। ਉਸ ਦਾ ਪੂਰਾ ਪਰਿਵਾਰ ਫ਼ੌਜ ਨਾਲ ਸਬੰਧਤ ਰਿਹਾ ਜਿਸ ਕਾਰਨ ਸਕੂਲ ਦੀ ਪੜ੍ਹਾਈ ਦੌਰਾਨ ਉਸ ਨੇ ਵੀ ਐੱਨ.ਸੀ.ਸੀ. ਵਿੱਚ ਦਾਖਲਾ ਲਿਆ। ਉਸ ਨੇ ਗ੍ਰੈਜੂਏਸ਼ਨ ਸਰਕਾਰੀ ਕਾਲਜ ਰੂਪਨਗਰ ਤੋਂ ਪੂਰੀ ਕੀਤੀ। ਉਸ ਨੂੰ ਬਚਪਨ ਤੋਂ ਹੀ ਫਿਲਮਾਂ ਦੇਖਣ ਦਾ ਸ਼ੌਕ ਸੀ, ਪਰ ਉਸ ਨੇ ਕਦੇ ਸੋਚਿਆ ਨਹੀਂ ਸੀ ਕਿ ਉਹ ਖ਼ੁਦ ਵੀ ਅਦਾਕਾਰੀ ਕਰੇਗਾ। ਉਸ ਨੇ ਪਹਿਲੀ ਵਾਰ ਦੋਸਤਾਂ ਦੇ ਕਹਿਣ 'ਤੇ ਦਿੱਲੀ ਵਿੱਚ ਔਡੀਸ਼ਨ ਦਿੱਤਾ ਸੀ। ਜਿੱਥੇ ਨਿਰਦੇਸ਼ਕ ਕੇਦਾਰ ਸ਼ਰਮਾ ਨੇ ਉਸ ਨੂੰ ਆਪਣੀ ਫਿਲਮ ਲਈ ਕਾਲਜ ਦੇ ਮੁੰਡੇ ਦੀ ਭੂਮਿਕਾ ਦਿੱਤੀ ਸੀ, ਪਰ ਕਿਸੇ ਕਾਰਨ ਉਹ ਫਿਲਮ ਬਣ ਨਾ ਸਕੀ। ਕੁਝ ਕਰ ਗੁਜ਼ਰਨ ਦੀ ਇੱਛਾ ਨਾਲ ਸ਼ਵਿੰਦਰ ਮਾਹਲ ਨੇ ਹਿੰਮਤ ਨਹੀਂ ਹਾਰੀ ਤੇ ਉਸ ਨੇ ਦਿੱਲੀ ਤੋਂ ਮੁੰਬਈ ਵੱਲ ਰੁਖ਼ ਕੀਤਾ। ਉੱਥੇ ਜਾ ਕੇ ਸਖ਼ਤ ਮਿਹਨਤ ਦਾ ਪੱਲਾ ਨਹੀਂ ਛੱਡਿਆ ਤੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਨੇ ਆਪਣੀ ਅਦਾਕਾਰੀ ਦੀ ਸ਼ੁਰੂਆਤ 'ਮਹਾਭਾਰਤ' (1988) ਵਿੱਚ ਪਰਸ਼ੂਰਾਮ ਅਤੇ ਸ਼ਿਵ ਦੀ ਦੋਹਰੀ ਭੂਮਿਕਾ ਤੋਂ ਕੀਤੀ। ਇਸ ਦੇ ਇਲਾਵਾ 'ਸ਼੍ਰੀ ਕ੍ਰਿਸ਼ਨਾ', 'ਟੀਪੂ ਸੁਲਤਾਨ' ਤੇ 'ਪਰਮਵੀਰ ਚੱਕਰ' ਵਰਗੇ ਲੜੀਵਾਰਾਂ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਸ਼ਵਿੰਦਰ ਮਾਹਲ ਦੇ ਫਿਲਮੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਦੀ ਪਹਿਲੀ ਪੰਜਾਬੀ ਫਿਲਮ 'ਪਟਵਾਰੀ' (1984) ਆਈ। ਇਸ ਤੋਂ ਮਿਲੀ



ਹੌਸਲਾ ਅਫ਼ਜ਼ਾਈ ਸਦਕਾ ਉਸ ਨੇ ਬਤੌਰ ਹੀਰੋ 35 ਪੰਜਾਬੀ ਫਿਲਮਾਂ ਕੀਤੀਆਂ। ਉਸ ਦੀਆਂ ਕੁਝ ਹੋਰ ਮਸ਼ਹੂਰ ਫਿਲਮਾਂ ਵਿੱਚੋਂ ਹਨ, 'ਬਾਗੀ ਸੂਰਮੇ', 'ਪੁੱਤ ਸਰਦਾਰਾਂ ਦੇ' (1993) ਅਤੇ 'ਮੈਂ ਮਾਂ ਪੰਜਾਬ ਦੀ' (1998) (ਬਲਵੰਤ ਸਿੰਘ ਦੁੱਲਟ ਦੁਆਰਾ ਲਿਖੀ ਅਤੇ ਨਿਰਦੇਸ਼ਿਤ) ਜਿਸ ਨੂੰ ਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਇਆ। ਇਸ ਦੇ ਇਲਾਵਾ 'ਦੇਸ ਪ੍ਰਦੇਸ਼' (1998), 'ਇਸ਼ਕ ਨਚਾਵੇ ਗਲੀ ਗਲੀ' (2001), 'ਵਿਦਰੋਹ', 'ਰੁਸਤਮ-ਏ-ਹਿੰਦ' (2006), 'ਜੱਗ ਜਿਉਂਦਿਆਂ ਦੇ ਮੇਲੇ' (2009), 'ਧਰਤੀ', 'ਯਾਰ ਅਣਮੁੱਲੇ', 'ਮੇਲ ਕਰਾਦੇ ਰੱਬਾ', 'ਜੀਹਨੇ ਮੇਰਾ ਦਿਲ ਲੁੱਟਿਆ' (2011), 'ਯਾਰਾਂ ਨਾਲ ਬਹਾਰਾਂ 2' (2012) ਅਤੇ 'ਪੰਜਾਬ ਬੋਲਦਾ', 'ਤੂੰ ਮੇਰਾ ਬਾਈ ਮੈਂ ਤੇਰਾ ਬਾਈ', 'ਸਾਡੀ ਵੱਖਰੀ ਏ ਸ਼ਾਨ', 'ਵੈਲਕਮ ਟੂ ਪੰਜਾਬ', 'ਰੰਗੀਲੇ', 'ਫਿਰ ਮਾਮਲਾ ਗੜਬੜ', 'ਸ਼ਗਨਾਂ ਦੀ ਤਿਆਰੀ', 'ਟੇਸ਼ਨ', 'ਅੰਬਰਸਰੀਆ', 'ਡੀ.ਐੱਸ.ਪੀ. ਦੇਵ', 'ਜਿੰਦ ਮਾਹੀ', 'ਅਰਜਨ', 'ਯਾਰਾਂ ਦੀਆਂ ਪੌਂ ਬਾਰਾਂ', 'ਰੱਬ ਦਾ ਰੇਡੀਓ 2', 'ਲਕੀਰਾਂ', 'ਸਰਦਾਰ ਸਾਬ੍ਹ' ਆਦਿ ਪੰਜਾਬੀ ਫਿਲਮਾਂ ਤੋਂ ਇਲਾਵਾ 'ਮੱਲੂ ਸਿੰਘ' (ਮਲਿਆਲਮ ਫਿਲਮ) 2012 ਵਿੱਚ ਕੀਤੀ। ਉਸ ਨੇ ਹਿੰਦੀ, ਹਰਿਆਣਵੀ ਅਤੇ ਤੇਲਗੂ ਭਾਸ਼ਾਵਾਂ ਦੀਆਂ ਫਿਲਮਾਂ ਸਮੇਤ 350 ਦੇ ਕਰੀਬ ਫਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ। ਸ਼ਵਿੰਦਰ ਮਾਹਲ ਨੂੰ ਆਪਣੀ ਖ਼ੂਬਸੂਰਤ ਅਦਾਕਾਰੀ ਸਦਕਾ ਨੈਸ਼ਨਲ, ਇੰਟਰਨੈਸ਼ਨਲ, ਫਿਲਮਫੇਅਰ ਐਵਾਰਡ ਵੀ ਪ੍ਰਾਪਤ ਹੋਏ ਹਨ। ਇਹ ਹੀ ਨਹੀਂ ਉਸ ਨੇ 1996 ਵਿੱਚ ਇੱਕ ਨਿਰਦੇਸ਼ਕ ਵਜੋਂ ਫਿਲਮ 'ਪਛਤਾਵਾ' ਦਾ ਨਿਰਦੇਸ਼ਨ ਵੀ ਕੀਤਾ। ਹੁਣ ਉਹ ਪੰਜਾਬੀ ਫਿਲਮਾਂ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ।— **ਰਜਨੀ ਭਗਾਣੀਆ**


Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Our Symbol of Care & Service

Superior Mortgage

Unit 244-8138-128 Street, Surrey

604 507 1000


## ਰਕੁਲਪ੍ਰੀਤ ਨੇ ਬਾਲੀਵੁੱਡ 'ਚ ਕਰੀਅਰ ਦਾ ਦਹਾਕਾ ਪੂਰਾ ਕੀਤਾ

ਮੁੰਬਈ: ਹਿੰਦੀ ਫ਼ਿਲਮ 'ਯਾਰੀਆਂ' ਰਾਹੀਂ 2014 ਵਿੱਚ ਫ਼ਿਲਮੀ ਕਰੀਅਰ ਸ਼ੁਰੂ ਕਰਨ ਵਾਲੀ ਅਦਾਕਾਰਾ ਰਕੁਲਪ੍ਰੀਤ ਸਿੰਘ ਨੇ ਬੌਲੀਵੁੱਡ 'ਚ ਆਪਣੇ ਦਸ ਸਾਲਾਂ ਦੇ ਸਫਰ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਅੱਜ ਜਿਸ ਮੁਕਾਮ 'ਤੇ ਹੈ, ਉੱਥੇ ਪਹੁੰਚਣ ਲਈ ਉਸ ਨੂੰ ਸਖ਼ਤ ਮਿਹਨਤ ਤੇ ਦ੍ਰਿੜ ਨਿਸ਼ਚੇ ਦੀ ਲੋੜ ਪਈ। ਉਸ ਨੇ ਕੰਨੜ ਫ਼ਿਲਮ 'ਗਿੱਲੀ' ਰਾਹੀਂ 2009 ਵਿੱਚ ਅਦਾਕਾਰੀ ਦੀ ਸ਼ੁਰੂਆਤ ਕਰਨ ਮਗਰੋਂ 'ਕੇਰਾਤਮ', 'ਯੁਵਾਨ', 'ਪੁਥਾਗਮ' ਆਦਿ ਫ਼ਿਲਮਾਂ ਵਿੱਚ ਕੰਮ ਕੀਤਾ ਅਤੇ ਫਿਰ ਹਿਮਾਂਸ਼ ਕੋਹਲੀ ਨਾਲ ਹਿੰਦੀ ਫ਼ਿਲਮ 'ਯਾਰੀਆਂ' ਰਾਹੀਂ ਬੌਲੀਵੁੱਡ 'ਚ ਸ਼ੁਰੂਆਤ ਕੀਤੀ। ਦਿਵਿਆ ਖੋਸਲਾ ਕੁਮਾਰ ਵੱਲੋਂ ਨਿਰਦੇਸ਼ਤ ਫ਼ਿਲਮ 'ਯਾਰੀਆਂ' ਵਿੱਚ ਉਸ ਨੇ ਸਲੋਨੀ ਦੀ



ਭੂਮਿਕਾ ਨਿਭਾਈ ਸੀ। ਫ਼ਿਲਮ ਦੇ ਰਿਲੀਜ਼ ਨੂੰ ਦਸ ਸਾਲ ਪੂਰੇ ਹੋਣ 'ਤੇ ਰਕੁਲਪ੍ਰੀਤ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ 'ਯਾਰੀਆਂ' ਫ਼ਿਲਮ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ। ਤਸਵੀਰਾਂ ਦੇ ਨਾਲ ਉਸ ਨੇ ਲਿਖਿਆ, "ਦਸ ਸਾਲ ਪਹਿਲਾਂ ਜਦੋਂ ਮੈਂ ਬੌਲੀਵੁੱਡ 'ਚ ਪਹਿਲਾ ਕਦਮ ਰੱਖਿਆ ਸੀ ਉਦੋਂ ਮੈਂ ਮੁਟਿਆਰ ਸੀ ਜਿਸ ਦੇ ਵੱਡੇ-ਵੱਡੇ ਸੁਫ਼ਨੇ ਸਨ। ਅੱਜ ਮੈਂ ਜਿੱਥੇ ਹਾਂ ਉੱਥੇ ਪਹੁੰਚਣ ਲਈ ਮੈਨੂੰ ਇੱਕ ਦਹਾਕੇ ਦੀ ਸਖ਼ਤ ਮਿਹਨਤ ਤੇ ਦ੍ਰਿੜਤਾ ਦੀ ਲੋੜ ਪਈ।" ਅਦਾਕਾਰਾ ਨੇ ਕਿਹਾ, "ਹਾਲੇ ਵੀ ਹਾਸਲ ਕਰਨ ਲਈ ਬਹੁਤ ਕੁਝ ਹੈ। ਹੁਣ ਤੱਕ ਕੀਤੇ ਆਪਣੇ ਕੰਮ ਤੋਂ ਮੈਂ ਖ਼ੁਸ਼ ਹਾਂ।" ਰਕੁਲਪ੍ਰੀਤ ਨੇ ਇਸ ਮੁਕਾਮ 'ਤੇ ਪਹੁੰਚਣ 'ਚ ਮਦਦ ਕਰਨ ਵਾਲਿਆਂ ਦਾ ਧੰਨਵਾਦ ਵੀ ਕੀਤਾ।


ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

Gold key INSURANCE

Explore Your Options

ਪੰਜਾਬੀ
हिंदी

Number 1 in the Community for 25 years.

# Stop Paying Too Much!

Get **10 Quotes** instead of 1

Compare from the top Canadian Insurers



intact INSURANCE | Wawanesa Insurance | family INSURANCE | GORE MUTUAL > GO FORWARD | TRAVELERS

PEACE HILLS INSURANCE | MAX INSURANCE | AVIVA | MUTUAL FIRE INSURANCE | OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money. *Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

Gk


Fresh Sugarcane is available at all Fruiticana locations
HAPPY LOHRI
Fruiticana hee jaana!
LOWEST PRICES IN TOWN
UNBEATABLE EXTRA SUPER SPECIAL
Rewdi (Gur or Sugar)
ਰੇਵੜੀ (ਗੁੜ ਅਤੇ ਖੰਡ)
$2.88 lb
EXTRA SUPER SUPER SPECIAL
Roasted Peanuts in Shell
ਭੁੱਜੀ ਮੂੰਗਫਲੀ
$1.88 lb
Cilantro
ਧਣੀਆ
2 bunches for 99¢
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.49 bunch
SUPER SPECIAL
Fresh Ginger
ਤਾਜ਼ਾ ਅਦਰਕ
$1.98 lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
SUPER SPECIAL
Daikon (Moli)
ਮੂਲੀ
99¢ lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.98 ea.
Red Lentil Whole
ਮਸਰਾ ਦੀ ਸਾਬਤ ਦਾਲ
88¢ lb
Anjou Pears
ਅੰਜੂ ਨਾਸ਼ਪਾਤੀ
$1.29 lb
SUPER SPECIAL
Spinach
ਪਾਲਕ
$1.28 bunch
SUPER SPECIAL
Broccoli Crown
ਬਰੋਕਲੀ ਕਰਾਉਨ
$1.49 lb
Bartlett Pears
ਬਾਰਟਲੇਟ ਨਾਸ਼ਪਾਤੀ
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
Fresh Garlic
ਤਾਜਾ ਲਸਣ
$1.29 lb
Opo Squash (Long)
ਓਪੋ ਕੱਦੂ
$1.29 lb
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Masala Gur 2 lbs Shell
ਮਸਾਲਾ ਗੁੜ
$2.99 pkg.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਂਨ )
$3.98 bag
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Seedless Oranges
ਵੱਡੇ ਸੰਤਰੇ
( ਬਿਨਾ ਬੀਜ ਤੋਂ )
99¢ lb
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
$14.99 bag
Heer Besan 4 lbs
ਹੀਰ ਬੇਸਨ
$3.99 pkg.
Thur Jan 11, 2024 - Wed Jan 17, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS
9 AM - 8 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520